# ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੇ ਨਾਵਲਾਂ ਦਾ ਬਹੁ-ਪੱਖੀ ਅਧਿਐਨ

* ਡਾ. ਗੁਰਵਿੰਦਰ ਕੌਰ
**ਸਹਾਇਕ ਪ੍ਰੋਫ਼ੈਸਰ, ਦੇਸ਼ ਭਗਤ ਯੂਨੀਵਰਸਿਟੀ

**ਐਬਸਟਰੈਕ**
ਸਾਹਿਤ ਸੰਸਾਰ ਵਿੱਚ ਅਜਿਹੇ ਵੀ ਸਾਹਿਤਕਾਰ ਹੁੰਦੇ ਹਨ ਜਿਹੜੇ ਆਪਣੀ ਵਿਲੱਖਣ ਸ਼ੈਲੀ, ਭਾਵਪੂਰਨ ਅੰਦਾਜ਼ ਤੇ ਤਰਕਪੂਰਨ ਦ੍ਰਿਸ਼ਟੀਕੋਣ ਨਾਲ ਸਾਹਿਤ, ਸਮਾਜ ਤੇ ਸੱਭਿਆਚਾਰ ਵਿਚਲੀ ਖੜੋਤ ਨੂੰ ਤੋੜ ਕੇ ਸਮਾਜ ਦੀ ਰੌਂ ਨੂੰ ਆਪਣੇ ਨਾਲ ਵਹਾ ਲੈ ਜਾਣਾ ਜਾਣਦੇ ਹਨ। ਆਧੁਨਿਕ ਯੁੱਗ ਦੇ ਪੰਜਾਬੀ ਸਾਹਿਤ ਨੂੰ ਇੱਕ ਨਿਵੇਕਲੀ ਨੁਹਾਰ ਪ੍ਰਦਾਨ ਕਰਨ ਵਾਲਿਆਂ ਵਿੱਚ ਗੁਰਬਖ਼ਸ਼ ਸਿੰਘ ਪ੍ਰੀਤਲੜੀ ਇੱਕ ਮਹੱਤਵਪੂਰਨ ਹਸਤਾਖ਼ਰ ਹੈ।

ਗੁਰਬਖ਼ਸ਼ ਸਿੰਘ ਪ੍ਰੀਤਲੜੀ ਨੇ ਪੰਜਾਬੀ ਸਾਹਿਤ ਸੰਸਾਰ ਨੂੰ ਕਹਾਣੀ, ਨਿਬੰਧ ਤੇ ਨਾਵਲ ਦਿੱਤੇ ਹਨ ਅਤੇ ਇਹਨਾਂ ਰੂਪਾਂ ਰਾਹੀਂ ਉਸਨੇ ਸਮਾਜ ਦੀਆਂ ਪ੍ਰਚਲਿਤ ਕੋਝੀਆਂ ਕਦਰਾਂ-ਕੀਮਤਾਂ ਨੂੰ ਵੰਗਾਰਿਆਂ ਹੈ ਅਤੇ ਸਮਾਜ ਨੂੰ ਪ੍ਰੀਤ ਦੇ ਫਲਸਫੇ ਰਾਹੀਂ ਨਵੀਂ ਸੇਧ ਦਿੱਤੀ ਹੈ। ਭਾਵੇਂ ਉਸਨੇ ਪੰਜਾਬੀ ਸਾਹਿਤ ਜਗਤ ਨੂੰ ਦੋ ਨਾਵਲ 'ਅਣ ਵਿਆਹੀ ਮਾਂ' ਤੇ 'ਰੁਖਾਂ ਦੀ ਜੀਰਾਂਦ' ਹੀ ਦਿੱਤੇ ਹਨ ਪਰੰਤੂ ਪੰਜਾਬੀ ਨਾਵਲ ਜਗਤ ਵਿੱਚ ਇਹਨਾਂ ਦਾ ਵਿਸ਼ੇਸ਼ ਸਥਾਨ ਹੈ। ਉਸਨੇ ਇਹਨਾਂ ਨਾਵਲਾਂ ਵਿੱਚ ਪ੍ਰੀਤ ਦੇ ਸੰਦੇਸ਼ ਨੂੰ ਅਜਿਹੇ ਸ਼ਬਦੀ ਟਕਸਾਲ ਵਿੱਚ ਘੜ ਕੇ ਪੇਸ਼ ਕੀਤਾ ਹੈ ਕਿ ਇਹ ਨਾਵਲਾਂ ਦੁਆਰਾ ਉਹ ਆਪਣੇ ਪਾਠਕਾਂ ਦੇ ਮਨਾਂ ਵਿੱਚ ਆਪਣਾ ਵਿਸ਼ੇਸ਼ ਸਥਾਨ ਬਣਾਉਂਦਾ ਹੈ। ਇਹਨਾਂ ਨਾਵਲਾਂ ਦਾ ਮੁੱਖ ਵਿਸ਼ਾ ਤਾਂ ਸਹਿਜ ਪ੍ਰੀਤ ਹੈ ਪਰੰਤੂ ਇਹਨਾਂ ਨਾਵਲਾਂ ਦੁਆਰਾ ਉਹ ਸਮਾਜ ਵਿੱਚ ਪ੍ਰਚਲਿਤ ਰੂੜੀਵਾਦੀ ਨੈਤਿਕ, ਸਮਾਜਿਕ ਤੇ ਸੰਸਥਾਗਤ ਕੀਮਤਾਂ 'ਤੇ ਕਰਾਰੀ ਸੱਟ ਵੀ ਮਾਰਦਾ ਹੈ। ਉਹ ਧਾਰਮਿਕ ਡੇਰਿਆਂ ਵਿੱਚ ਹੋ ਰਹੇ ਅਨੈਤਿਕ ਕੰਮਾਂ ਨੂੰ ਵੀ ਛੋਂਹਦਾ ਹੈ। ਇਹਨਾਂ ਤੋਂ ਇਲਾਵਾ ਉਹ ਆਪਣੇ ਨਾਵਲਾਂ ਵਿੱਚ ਔਰਤ ਨੂੰ ਸਿਰਫ ਇੱਕ ਵਸਤੂ ਵਜੋਂ ਪੇਸ਼ ਨਾ ਕਰਦੇ ਹੋਏ ਉਸਨੂੰ ਇੱਕ ਮਨੁੱਖੀ ਰੂਪ ਵਿੱਚ ਸਿਰਜ ਕੇ ਉਸ ਦੀਆਂ ਅੰਦਰਲੀਆਂ ਭਾਵਨਾਵਾਂ ਤੇ ਸਮਾਜ ਵਿੱਚ ਉਸਦੀ ਹੋ ਰਹੀ ਦੁਰਗਤੀ ਨੂੰ ਵੀ ਪੇਸ਼ ਕਰਦਾ ਹੋਇਆ ਇਹਨਾਂ ਦਾ ਹੱਲ ਸਹਿਜ ਪ੍ਰੀਤ ਦੇ ਮਾਰਗ ਦੁਆਰਾ ਲੱਭਦਾ ਹੈ।

ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੇ ਨਾਵਲਾਂ ਵਿੱਚ ਪੇਸ਼ ਕੀਤੇ ਵਿਭਿੰਨ ਵਿਸ਼ਿਆਂ ਦਾ ਅਧਿਐਨ ਕਰਨਾ ਹੀ ਇਸ ਖੋਜ-ਪੇਪਰ ਦਾ ਵਿਸ਼ਾ ਹੈ।

**Key Words:** ਨਾਵਲ, ਔਰਤ, ਅਧਿਐਨ, ਅਣ ਵਿਆਹੀ ਮਾਂ, ਰੂਹਾਂ ਦੀ ਪਹਿਚਾਣ, ਰੁਖਾਂ ਦੀ ਜੀਰਾਂਦ, ਗੁਰਬਖ਼ਸ਼ ਸਿੰਘ ਪ੍ਰੀਤਲੜੀ

ਆਧੁਨਿਕ ਪੰਜਾਬੀ ਸਾਹਿਤ ਵਿੱਚ ਗੁਰਬਖ਼ਸ਼ ਸਿੰਘ ਪ੍ਰੀਤਲੜੀ ਇੱਕ ਸੰਸਥਾ ਬਣ ਕੇ ਉਭਰਿਆ ਤੇ ਵਿਗਸਿਆ ਹੈ। ਉਸਨੇ ਪੰਜਾਬੀ ਸਾਹਿਤ ਦੇ ਵਿਭਿੰਨ ਰੂਪਾਂ ਉਤੇ ਕਮਲ ਅਜ਼ਮਾਈ ਤੇ ਵਿਸ਼ੇ ਪੱਖੋਂ ਨਵਾਂ ਨਰੋਆ, ਪੁਰਾਤਨਤਾ ਦੇ ਬੰਧਨਾਂ ਨਾਲ ਟਕਰਾਉਣ ਵਾਲਾ, ਘਸੀਆਂ-ਪਿਟੀਆਂ ਮੁਰਦਾ ਕੀਮਤਾਂ ਨੂੰ ਦਫ਼ਨ ਕਰਨ ਵਾਲਾ ਅਤੇ ਨਵੀਆਂ ਕੀਮਤਾਂ ਤੇ ਜੀਵਨ ਨੂੰ ਉਤਸ਼ਾਹ ਦੇਣ ਵਾਲਾ ਸਾਹਿਤ ਪੰਜਾਬੀ ਪਾਠਕਾਂ ਦੀ ਝੋਲੀ ਪਾਇਆ ਹੈ। ਇਹ ਉਸਦੀ ਕਲਮ ਦਾ ਕਰਿਸ਼ਮਾ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਸਾਹਿਤ ਲਈ ਸਮਾਜ ਤੇ ਧਰਮ ਦੀ ਸੌੜੀ ਵਲਗਣ ਵਿੱਚੋਂ ਬਾਹਰ ਨਿਕਲ ਕੇ ਇੱਕ ਜ਼ਿੰਦਗੀ-ਭਰਪੂਰ ਤੇ ਭਵਿੱਖ-ਮੁਖੀ ਦੁਨੀਆ ਦੇ ਦਰਵਾਜ਼ੇ ਖੁਲ੍ਹ ਗਏ। ਭਾਵੇਂਕਿ ਉਸਨੇ ਦੋ ਹੀ ਨਾਵਲ ਪੰਜਾਬੀ ਨਾਵਲ ਜਗਤ ਨੂੰ ਦਿੱਤੇ ਹਨ ਪਰੰਤੂ ਇਹ ਆਪਣੇ ਵਿਸ਼ੇ ਕਾਰਨ ਪਰੰਪਰਾਗਤ ਨਾਵਲਾਂ ਨਾਲੋਂ ਨਿਵੇਕਲੇ ਤੇ ਵੱਖਰੇ ਅਰਥ ਰੱਖਦੇ ਹਨ। 'ਅਣ ਵਿਆਹੀ ਮਾਂ' ਤੇ 'ਰੁੱਖਾਂ ਦੀ ਜੀਰਾਂਦ' ਜਿਹੜੇ ਕ੍ਰਮਵਾਰ 1942 ਤੇ 1973 ਵਿੱਚ ਲਿਖੇ ਗਏ ਹਨ। ਇਹ ਨਾਵਲ ਆਪਣੇ ਨਵੀਨ ਤੇ ਨਿਵੇਕਲੇ ਸੰਕਲਪਾਂ ਕਾਰਣ ਪੰਜਾਬੀ ਨਾਵਲ-ਜਗਤ ਵਿੱਚ ਆਪਣਾ ਵਿਲੱਖਣ ਸਥਾਨ ਰੱਖਦੇ ਹਨ। ਡਾ. ਚਮਨ ਲਾਲ ਦੂਜੇ ਨਾਵਲ ਨਾਲੋਂ ਪਹਿਲੇ ਨਾਵਲ ਦੀ ਪ੍ਰਸੰਸਾ ਕਰਦਾ ਹੈ। ਉਸਨੂੰ ਪਹਿਲਾ ਨਾਵਲ ਵਲਵਲੇ ਤੇ ਤਾਜ਼ਗੀ ਭਰਪੂਰ ਜਾਪਦਾ ਹੈ। ਉਹ ਕਹਿੰਦਾ ਹੈ ਕਿ, "ਪਹਿਲੇ ਨਾਵਲ 'ਅਣ ਵਿਆਹੀ ਮਾਂ' ਦੀ ਭੂਮਿਕਾ ਵਿਚ ਜੋ ਵਲਵਲਾ ਹੈ ਤੇ ਨਾਵਲ ਵਿਚ ਜੋ ਸਿਰਜਣਾਤਮਕਤਾ ਹੈ, ਉਹ 'ਰੁੱਖਾਂ ਦੀ ਜੀਰਾਂਦ' ਦੀ ਭੂਮਿਕਾ ਵਿਚ ਇਕ ਸੋਚੀ ਸਮਝੀ ਵਿਚਾਰ-ਪ੍ਰਣਾਲੀ (ਪਿਆਰ ਦੇ ਵਲਵਲੇ ਸੰਬੰਧੀ ਵਿਚਾਰ ਪ੍ਰਣਾਲੀ) ਵਿਚ ਅਤੇ ਖੁਦ ਨਾਵਲੀ ਕਿਰਤ ਇਸ ਵਿਚਾਰ-ਪ੍ਰਣਾਲੀ ਨੂੰ ਅਕਾਰ ਦੇਣ ਵਾਲੀ ਰਚਨਾ ਦਾ ਬਣ ਜਾਂਦੀ ਹੈ, ਪਰ ਇਸ ਰਚਨਾ ਵਿਚ ਉਹ ਸਹਿਜਤਾ ਤੇ ਤਾਜ਼ਗੀ ਨਹੀਂ ਹੈ, ਜੋ 'ਅਣਵਿਆਹੀ ਮਾਂ' ਵਿਚ ਮਹਿਸੂਸ ਹੁੰਦੀ ਹੈ।"[1] ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ "ਨਾਵਲ 'ਅਣਵਿਆਹੀ ਮਾਂ' ਭਾਵ-ਬੋਧ ਦੀ ਅਨੁਭੂਤੀ ਤੇ ਨਿਰਭਰ ਕਰਦਾ ਹੈ। ਇਹ ਨਾਵਲ ਵਿਦਰੋਹ, ਵੇਦਨਾ, ਵਿਵਹਾਰ, ਵਿਅਕਤੀ, ਵਿਵਸਥਾ, ਵਿਯੋਗ, ਤੇ ਵਿਆਕੁਲ ਵਿਉਂਤ ਦੀ ਬਾਤ ਵਰਗੀ ਵਾਰਤਾ ਹੈ।"[2] ਜਦੋਂਕਿ ਨਾਵਲ 'ਰੁੱਖਾਂ ਦੀ ਜੀਰਾਂਦ' ਵਿਚ ਇਸਤ੍ਰੀ ਦੀ ਆਪਣੀ ਮਾਨਵਤਾ ਦੀ ਤਲਾਸ਼ ਅਤੇ

ਇਸਤ੍ਰੀ ਤੇ ਪੁਰਸ਼ ਦੇ ਬਰਾਬਰੀ ਦੇ ਰਿਸ਼ਤਿਆਂ ਦੀ ਜਿਹੜੀ ਗੱਲ ਤੁਰੀ ਹੈ। ਉਹਦੀ ਗਹਿਰਾਈ ਤੇ ਅਰਥ ਸਮੇਂ ਦੇ ਬੀਤਣ ਨਾਲ ਵਧੇਰੇ ਉਘੜਨਗੇ।”[3] ਇਸ ਤਰ੍ਹਾਂ ਇਹਨਾਂ ਨਾਵਲਾਂ ਵਿੱਚ ਨਵੇਂ ਵਿਸ਼ਿਆਂ ਨੂੰ ਲਿਆ ਗਿਆ ਹੈ ਜਿਹੜੇ ਸਥਾਪਤ ਕੀਮਤਾਂ ਨਾਲ ਟੱਕਰ ਲੈਂਦੇ ਹਨ। ਮੂਲ ਰੂਪ ਵਿੱਚ ਇਹ ਨਾਵਲ ਔਰਤ ਦੇ ਹੱਕਾਂ ਪ੍ਰਤੀ ਔਰਤਾਂ ਨੂੰ ਸੁਚੇਤ ਕਰਦੇ ਹਨ ਤੇ ਸਮਾਜ ਵਿੱਚ ਉਹਨਾਂ ਨੂੰ ਬਰਾਬਰ ਦਾ ਸਨਮਾਨ ਦੇਣ ਦੀ ਆਵਾਜ਼ ਉਠਾਉਂਦੇ ਹਨ।

ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੋਨਾਂ ਨਾਵਲਾਂ ਵਿੱਚ ਨਵੀਂ ਚੇਤਨਾ ਅਤੇ ਨਵੀਂ ਸੰਸਕ੍ਰਿਤਿਕ ਜਾਗਰਿਤੀ ਨੂੰ ਪੇਸ਼ ਕਰਦਾ ਹੈ। ਉਹ ਇਖਲਾਕੀ ਆਚਰਣ ਨੂੰ ਇੱਕ ਨਿਵੇਕਲੇ ਪ੍ਰਸੰਗ ਵਿੱਚ ਰੱਖ ਕੇ ਸਦਾਚਾਰ ਨੂੰ ਇੱਕ ਨਵੀਂ ਪਰਿਭਾਸ਼ਾ ਦੇਣ ਅਤੇ ਨਵ-ਸਭਿਆਚਾਰਕ ਕਦਰਾਂ-ਕੀਮਤਾਂ ਦੀ ਨਵੀਂ ਉਸਾਰੀ ਕਰਨ ਦਾ ਯਤਨ ਕਰਦਾ ਹੈ ਅਤੇ ਔਰਤ ਨੂੰ ਸਮਾਜ ਵਿੱਚ ਯੋਗ ਸਥਾਨ ਦਿਵਾਉਣ ਦੀ ਪ੍ਰੋੜਤਾ ਕਰਦਾ ਹੈ। ਜਿਥੇ ਗੁਰਬਖ਼ਸ਼ ਸਿੰਘ ਪ੍ਰੀਤਲੜੀ ਔਰਤ ਦੀ ਹਮਾਇਤ ਕਰਦਾ ਹੈ ਉਥੇ ਹੀ ਓਮ ਪ੍ਰਕਾਸ਼ ਗਾਸੋ ਔਰਤ ਨੂੰ ਪ੍ਰਕਿਰਤੀ ਦੇ ਰੂਪ ਵਿੱਚ ਚਿਤਰਦਾ ਹੈ। ਉਹ ਕਹਿੰਦਾ ਹੈ, “ਸੂਖ਼ਮ-ਭਾਵੀ ਚੇਤਨਾ, ਇਸਤਰੀ ਨੂੰ ਪ੍ਰਕ੍ਰਿਤੀ ਆਖਦੀ ਹੈ। ਇਸ ਕਥਨ ਦੀ ਉਪਮਾ ਦੁਆਰਾ ਇਸਤਰੀ ਨੂੰ ਪ੍ਰਕ੍ਰਿਤੀ ਦੇ ਨਾਲ-ਨਾਲ ‘ਧਰਤੀ’ ਕਹਿਣ ਦੀ ਵੀ ਪਿਰਤ ਪੈ ਗਈ। ਇਸ ਪ੍ਰਕਾਰ ਦੀਆਂ ਧਾਰਨਾਵਾਂ ਆਪਣੇ ਵਿਸਥਾਰ ਅਧੀਨ ਤਾਂ ਇਹ ਵੀ ਆਖਦੀਆਂ ਰਹੀਆਂ ਕਿ ਪ੍ਰਕ੍ਰਿਤੀ ਹੀ ਧਰਮ ਹੈ। ਧਰਮ ਦਾ ਅਰਥ ਧਾਰਨ ਕਰਨਾ ਵੀ ਹੁੰਦਾ ਹੈ। ਇਨ੍ਹਾਂ ਸਤਰਾਂ ਦਾ ਸੰਬੰਧ ਨਾਵਲ ‘ਅਣਵਿਆਹੀ ਮਾਂ’ ਦੇ ਕਥਾਨਕ ਦੀਆਂ ਉਨ੍ਹਾਂ ਘਟਨਾਵਾਂ ਨਾਲ ਜਾ ਜੁੜਦਾ ਹੈ....ਜਿੱਥੇ ਪ੍ਰਭਾ, ਚਿਤਰੰਜਨ ਨਾਲ ਇਕ ਰਾਤ ਗੁਜ਼ਾਰਦੀ ਹੈ ਤੇ ਪ੍ਰੇਮ-ਪੀਂਘ ਦੇ ਹੁਲਾਰਿਆਂ ਦੀ ਨਿੱਕੀ ਜਿਹੀ ਉਮਰ, ਹਾਦਸਾ ਬਣ ਬੈਠਦੀ ਹੈ। ਬੱਚੇ ਦਾ ਜਨਮ ਹੁੰਦਾ ਹੈ। ਪ੍ਰਭਾ ਦਾ, ਪ੍ਰੇਮਿਕਾ, ਮਾਂ ਅਤੇ ਬਿਹਰਣ ਬਣ ਜਾਣ ਦਾ ਸਾਕਾ, ਉਸ ਨੂੰ ਆਰਥਕ-ਔਕੜਾਂ ਨਾਲ ਮੱਥਾ ਮਾਰਨ ਲਈ ਮਜ਼ਬੂਰ ਕਰਦਾ ਹੈ। ਪ੍ਰਭਾ, ਲਈ ਜ਼ਿੰਦਗੀ ਦੇ ਤੇ ਮਾਨਸਕ, ਸ਼ਰੀਰਕ, ਬੋਧਕ ਤੇ ਸਮਾਜਿਕ-ਦੁਖਾਂਤ ਉਸ ਵੇਲੇ ਵਿਕਰਾਲ-ਰੂਪ ਧਾਰਨ ਕਰ ਲੈਂਦੇ ਹਨ, ਜਦ ਪ੍ਰਾਕ੍ਰਿਤਕ ਵਿਵਹਾਰ ਅਪ੍ਰਾਕ੍ਰਿਤਕ ਬਣ ਬੈਠਦਾ ਹੈ। ਅਪ੍ਰਕ੍ਰਿਤਕ ਵਿਵਹਾਰ ਵਿਚੋਂ ਗ਼ਲਤ ਕੀਮਤਾਂ ਜਨਮ ਲੈਂਦੀਆਂ ਰਹਿੰਦੀਆਂ।”[4] ਇਸ ਲਈ ਨਾਵਲਕਾਰ ਸਪੱਸ਼ਟ ਤੌਰ ’ਤੇ ਆਖਦਾ ਹੈ ਕਿ “ਮੇਰੀ ਕੋਈ ਕਹਾਣੀ ਨੁਕਤਾਚੀਨੀ ਤੋਂ ਬਿਨਾਂ ਪੜ੍ਹੀ ਜਾਣ ਵਾਲੀ ਨਹੀਂ ਹੁੰਦੀ--ਕਿਉਂਕਿ ਅਜੇ ਤਕ ਕਦੀ ਆਪਣੇ ਜਾਂ ਦੂਜਿਆ ਦੇ ਦਿਲ-ਪਰਚਾਵੇ ਲਈ ਮੈਂ ਕੁਝ ਨਹੀ ਲਿਖ ਸਕਿਆ। ਮੇਰੀ ਲੇਖਣੀ ਦਾ ਹਰ ਭਾਗ ਗ਼ਲਤ ਕੀਮਤਾਂ ਦੇ ਖ਼ਿਲਾਫ਼ ਪ੍ਰਗਟ ਜਾਂ ਅਪ੍ਰਗਟ ਗਿਲਾ ਹੈ। ਮੇਰਾ ਯਕੀਨ ਹੈ ਕਿ ਮਨੁੱਖ ਦੀ ਤਕਦੀਰ ਵਿਚ ਸਿਵਾਏ ਉਸ ਦੀਆਂ ਆਪ ਪ੍ਰਚਲਤ ਕੀਤੀਆਂ ਗ਼ਲਤ ਕੀਮਤਾਂ ਦੇ ਹੋਰ ਕੋਈ ਵੀ ਦੁੱਖ ਨਹੀਂ। ਜ਼ਿੰਦਗੀ ਹਰ ਕਿਸੇ ਲਈ ਇੱਕ ਦਿਲਚਪਸ ਘਟਨਾ ਹੈ। ਨਾ ਜ਼ਿੰਦਗੀ ਤੋਂ ਪਹਿਲਾਂ ਕੋਈ ਮੁਸੀਬਤ ਸੀ, ਨਾ ਜ਼ਿੰਦਗੀ ਤੋਂ ਪਿੱਛੋਂ ਕੋਈ ਹੋਵੇਗੀ। ਸਾਰੀਆਂ ਮੁਸੀਬਤਾਂ ਦਾ ਜਾਲ ਮਨੁੱਖ ਨੇ ਗ਼ਲਤ ਕੀਮਤਾਂ ਤੇ ਗ਼ਲਤ ਅਨੁਮਾਨਾਂ ਨਾਲ ਆਪ ਉਣਿਆ ਹੈ। ਜਦੋਂ ਵੀ ਮਨੁੱਖ ਇਸ ਜਾਲ ਨੂੰ ਤੋੜਨ ਦਾ ਹੌਸਲਾ ਕਰ ਲਵੇਗਾ, ਓਦੋਂ ਹੀ ਉਸ ਲਈ ਜ਼ਿੰਦਗੀ ਇੱਕ ਅਨੁਪਮ ਰਚਨਾ ਬਣ ਸਕਦੀ ਹੈ।”[5] ਉਸਦੇ ਨਾਵਲ ‘ਅਣਵਿਆਹੀ ਮਾਂ’ ਦੇ ਪ੍ਰਕਾਸ਼ਿਤ ਹੋਣ ਬਾਅਦ ਉਸ ਦੁਆਰਾ ਸਥਾਪਿਤ ਕੀਮਤਾਂ ਨਾਲ ਟੱਕਰ ਲੈਣ ਕਾਰਨ ਉਸਨੂੰ ਇੱਕ ਤਰ੍ਹਾਂ ਦੇ ਸਮਾਜਿਕ ਬਾਈਕਾਟ ਦਾ ਸਾਹਮਣਾ ਕਰਨਾ ਪਿਆ ਹੈ। ਉਹ ਕਹਿੰਦਾ ਹੈ ਕਿ, “ “ਅਣਵਿਆਹੀ ਮਾਂ” ਮੇਰੀ ਉਹ ਲਿਖਤ ਹੈ, ਜਿਸ ਨੇ ਮੈਥੋਂ ਮੇਰੇ ਕਈ ਸਨੇਹੀ ਖੋਹ ਲਏ, ਕਈਆਂ ਦੇ ਘਰਾਂ ਵਿਚੋਂ ਮੈਨੂੰ ਤੇ ਪ੍ਰੀਤ ਲੜੀ’ ਨੂੰ ਹਮੇਸ਼ਾਂ ਲਈ ਕਢਾ ਦਿੱਤਾ, ਜਿਹੜੇ ਮੈਨੂੰ ਚੰਗਾ ਆਦਮੀ ਸਮਝਿਆ ਕਰਦੇ ਸਨ, ‘ਬਦਮਾਸ਼’ ਦਾ ਲਕਬ ਦੁਆਇਆ ਹੈ।”[6] ਇਸ ਤਰ੍ਹਾਂ ਉਸਨੂੰ ਸਮਾਜ ਦੇ ਵਰਜਿਤ ਵਿਸ਼ਿਆਂ ਉਪਰ ਲਿਖਣ ਲਈ ‘ਬਦਮਾਸ਼’ ਸ਼ਬਦ ਨਾਲ ਸੰਬੋਧਨ ਵੀ ਕੀਤਾ ਗਿਆ ਹੈ ਤੇ ਉਸ ਨਾਲ ਕੋਈ ਵਾਸਤਾ ਨਹੀਂ ਰੱਖਿਆ ਗਿਆ ਹੈ। ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਉਸਨੇ “ਪੰਜਾਬ ਦੇ ਬੁੱਢੇ ਸਾਮੰਤੀ ਤੇ ਰੂੜੀਗਤ ਸਭਿਆਚਾਰ ਨੂੰ ਬਦਲਣ ਲਈ ਬੜਾ ਕੁਝ ਕੀਤਾ ਹੈ। ਉਸਨੇ ਪੰਜਾਬੀ ਸਭਿਆਚਾਰ ਦੇ ਲਹਿਲਹਾਉਂਦੇ ਖੇਤ ਵਿੱਚੋਂ ਗ਼ਲਤ ਕੀਮਤਾਂ ਦੀ ਹਰ ਮਾਰੂ ਬੂਟੀ ਨੂੰ ਕੱਢਣ ਦਾ ਯਤਨ ਕੀਤਾ ਹੈ।”[7]

ਹਰ ਸਾਹਿਤਕਾਰ ਦੀ ਕਲਾ ਦਾ ਮੰਤਵ ਸਮਾਜ ਦੀਆਂ ਕੁਰੀਤੀਆਂ ਨੂੰ ਪੇਸ਼ ਕਰਕੇ ਉਹਨਾਂ ਦਾ ਹੱਲ ਲੱਭਣਾ ਹੁੰਦਾ ਹੈ ਪਰੰਤੂ ਉਸਦੀ ਕਲਾ ਦੀ ਪਕੜ, ਪਰਵਿਰਤੀ, ਮਾਨਸਿਕ ਸਮਝ ਵਿੱਚ ਅੰਤਰ ਹੋਣ ਕਾਰਨ ਉਸਦੀ ਕਲਾ ਵਿੱਚ ਵੱਖਰੀ ਸਖ਼ਸ਼ੀਅਤ ਅਤੇ ਵੱਖਰਾ ਹੀ ਦ੍ਰਿਸ਼ਟੀਕੋਣ ਨਜ਼ਰੀ ਆਉਂਦਾ ਹੈ ਭਾਵੇਂਕਿ ਉਸਦੀ ਪ੍ਰੇਰਨਾ ਦੇ ਸਮੱਗਰੀ ਦਾ ਸੋਮਾ ਸਮਾਜ ਹੀ ਹੁੰਦਾ ਹੈ ਪਰੰਤੂ ਇਸਨੂੰ ਦੇਖਣ ਦਾ ਨਜ਼ਰੀਆਂ ਵਿਭਿੰਨ ਹੁੰਦਾ ਹੈ। ਗੁਰਬਖ਼ਸ਼ ਸਿੰਘ ਪ੍ਰੀਤਲੜੀ ਨੇ ਪੰਜਾਬੀ ਨਾਵਲ ਜਗਤ ਨੂੰ ਵਿਸ਼ੇ ਪੱਖੋਂ ਸਮਾਜ ਦੇ ਵਿਸ਼ਾਲ ਪਿੜ ਵਿੱਚ ਲਿਆ ਕੇ, ਵਿਭਿੰਨ ਮਨੁੱਖੀ ਤੇ ਸਮਾਜਿਕ ਸਮੱਸਿਆਵਾਂ ਦਾ ਆਪਣੇ ਨਿਵੇਕਲੇ ਦ੍ਰਿਸ਼ਟੀਕੋਣ ਅਨੁਸਾਰ ਹੱਲ ਦੱਸਿਆ ਹੈ। ਉਸਦੇ ਨਾਵਲਾਂ ਦਾ ਵਿਸ਼ਾ-ਖੇਤਰ ‘ਪੁਰਾਤਨਤਾ ਦੇ ਬੰਧਨਾਂ ਵਿਰੁੱਧ ਬਗ਼ਾਵਤ, ਸਮਾਜਿਕ ਕੁਰੀਤੀਆਂ ਦਾ ਮਨੁੱਖੀ ਵਿਕਾਸ ਵਿੱਚ ਰੁਕਾਵਟ ਬਣਨਾ, ਫ਼ਜ਼ੂਲ ਰਸਮਾਂ, ਸਮਾਜਿਕ ਅੰਧ-ਵਿਸ਼ਵਾਸ, ਨਵੀਆਂ ਸਮਾਜਿਕ ਕਦਰਾਂ-ਕੀਮਤਾਂ ਲਈ ਉਤਸ਼ਾਹ, ਔਰਤ ਸੁਤੰਤਰਤਾ ਹੈ। ਇਹਨਾਂ ਸਾਰਿਆਂ ਦਾ ਹੱਲ ਉਹ ਆਪਣੇ ‘ਸਹਿਜ ਪ੍ਰੀਤ’ ਦੇ ਸਿਧਾਂਤ ਰਾਹੀਂ ਕੱਢਦਾ ਹੈ। ਇਹ ਕਿਹਾ ਜਾ ਸਕਦਾ ਹੈ ਕਿ ਇਹਨਾਂ ਨਾਵਲਾਂ ਦਾ ਸਾਰਾ ਸਫ਼ਰ “ਪਿਆਰ ਦੀ ਅਜਿਹੀ ਕੇਂਦਰੀ ਧੁਰੀ ’ਚੋਂ ਗੁਜ਼ਰਦਾ ਹੈ, ਜਿਥੇ ਪਿਆਰ ਸਮਾਜ ਦੇ ਰਿਸ਼ਤਿਆਂ ਅਸੂਲਾਂ, ਜਾਂ ਰਾਹਾਂ ਤੇ ਤੁਰਨੋਂ ਇਨਕਾਰੀ ਹੈ। ਇਸ ਦਾ ਸੁਭਾ ਬਾਗ਼ੀਆਨਾ ਹੈ ਅਤੇ ਕਿਸੇ ਪ੍ਰੀਤ-ਆਦਰਸ਼ ਤੇ ਖਲੋਤੀ ਇਸਦੀ ਬੁਨਿਆਦ ਸਮਾਜਿਕ ਪ੍ਰਬੰਧ ਵਿਚ ਨਹੀਂ ਦਿਸਦੀ। ਰੂਹਾਨੀ ਤੌਰ ਤੇ ਅਮੀਰ ਤੇ ਸ਼ਰੀਰਕ ਦੁਨੀਆਵੀ ਨਜ਼ਰੋਂ ਊਣਾ, ਆਦਰਸ਼ ਕਬਜ਼ੇ ਵਿਚ ਨਹੀਂ ਪਹਿਚਾਣ ਵਿਚ ਯਕੀਨ ਰਖਦਾ ਹੋਇਆ ਆਪ ਮਿੱਥੇ ਟੀਚੇ ਸਹਾਰੇ ਝੱਟ ਲੰਘਾਉਂਦਾ ਹੈ।”[8]

ਗੁਰਬਖ਼ਸ਼ ਸਿੰਘ ਪ੍ਰੀਤਲੜੀ ਨੇ ਆਪਣੇ ਨਾਵਲਾਂ ਵਿੱਚ ‘ਪਿਆਰ ਕਬਜ਼ਾ ਨਹੀਂ ਪਹਿਚਾਣ ਹੈ’ ਦੇ ਸਿਧਾਂਤ ਨੂੰ ਪ੍ਰਸਤੁਤ ਕੀਤਾ ਹੈ।

ਨਾਵਲਕਾਰ 'ਸਹਿਜ ਪ੍ਰੀਤ' ਦੇ ਸਿਧਾਂਤ ਨੂੰ ਵਿਸ਼ਾਲ ਪ੍ਰਸੰਗ ਵਿੱਚ ਰੱਖਕੇ ਮਨੁੱਖ ਦੀਆਂ ਅਤਿ ਕਠਿਨ ਸਮੱਸਿਆਵਾਂ ਨੂੰ ਸਹਿਜ ਰੂਪ ਦੇ ਕੇ ਹੱਲ ਕਰਨਾ ਚਾਹੁੰਦਾ ਹੈ। ਉਸਦਾ ਇਹ 'ਸਹਿਜ ਪ੍ਰੀਤ' ਸਿਧਾਂਤ ਖ਼ੂਬਸੂਰਤ ਸੁਪਨੇ ਵਾਂਗ ਹੈ ਜਿਸਦਾ ਆਨੰਦ ਅਣਭੋਗੇ ਹੀ ਲਿਆ ਜਾਂਦਾ ਹੈ। ਉਸਦੀ ਇਸ ਪ੍ਰੀਤ ਵਿੱਚ ਰੂਹ ਦੀ ਸਰਦਾਰੀ ਹੈ ਅਤੇ ਜਿਸਮਾਨੀ ਇੱਛਾਵਾਂ ਦੀ ਕੋਈ ਥਾਂ ਨਹੀਂ ਹੈ। ਉਸਦਾ ਪਿਆਰ ਸੰਕਲਪ ਤਾਂ 'ਰੂਹਾਂ ਦੀ ਪਹਿਚਾਣ' ਹੈ। ਇਸ ਲਈ ਪਾਰੋ ਆਖਦੀ ਹੈ, "ਇਕ ਰੂਹ ਨੇ ਦੂਜੀ ਰੂਹ ਵਿਚ ਆਪਣਾ ਅਕਸ ਵੇਖ ਲਿਆ। ਇਹ ਅਕਸ ਸਾਨੂੰ ਇਕ ਨਾਲੋਂ ਬਹੁਤੀਆਂ ਰੂਹਾਂ ਵਿੱਚ ਦਿਸ ਸਕਦਾ ਏ।"[9] ਇਹ ਪਿਆਰ ਦੋ ਰੂਹਾਂ ਦੀ ਪਹਿਚਾਣ ਹੈ। ਇਹ ਪ੍ਰੀਤ ਦਾ ਸਿਧਾਂਤ ਵਿੱਚ ਪ੍ਰੀਤਮ ਪਿਆਰੇ ਉਪਰ ਕਬਜ਼ਾ ਲੈਣ ਦੀ ਭਾਵਨਾ ਕੰਮ ਨਹੀਂ ਕਰਦੀ ਹੈ ਪਰੰਤੂ ਜੇਕਰ ਸਹਿਜ ਪ੍ਰੀਤ ਦਾ ਲਕਸ਼ ਸਰੀਰਕ ਸੰਤੁਸ਼ਟਤਾ ਨਹੀਂ ਤਾਂ 'ਰੁੱਖਾਂ ਦੀ ਜੀਰਾਂਦ' ਵਿਚ ਇਹ ਸਮਝ ਨਹੀਂ ਆਉਂਦੀ ਕਿ ਕਿਵੇਂ ਇਕ ਔਰਤ ਦਾ ਖਰੀਦਿਆ ਜਾਣਾ, ਕਿਸੇ ਦੇ ਆਰਥਕ ਮੰਤਵ ਦੀ ਸਿੱਧੀ ਖਾਤਰ ਰਖੇਲ ਬਣਾ ਕੇ ਰੱਖਿਆ ਜਾਣਾ, ਇੱਕ ਬੱਚੇ ਦੀ ਮਾਂ ਬਣਾ ਦਿੱਤਾ ਜਾਣਾ, ਸਾਰਾ ਕੁਝ ਪਛਾਣ ਖੇਤਰ ਵਿਚ ਹੀ ਆਉਂਦਾ ਹੈ। ਇੰਝ ਲੱਗਦਾ ਹੈ ਕਿ ਇਸ 'ਸਹਿਜ ਪ੍ਰੀਤ' ਵਿੱਚ "ਸ਼ਰੀਰਕ ਭੋਗ, ਤੋਂ ਉਰੇ ਉਰੇ ਗਲਵਕੜੀਆਂ, ਚੁਮਣਾਂ, ਹਥ ਘੁਟਣੀਆਂ, ਹਥ ਚੁਮਣੀਆਂ, ਰੀਝਾਂ ਭਰੀਆਂ ਗੱਲਾਂ ਬਾਤਾਂ, ਪ੍ਰੇਮ-ਤਕਣੀਆਂ ਤੇ ਹੋਰ ਨਿਰਸੰਕੋਚ ਪਿਆਰ ਖੇਡਾਂ ਪਰਵਾਨ ਹਨ।"[10] ਇਸ ਤਰ੍ਹਾਂ ਨਾਵਲਾਂ ਵਿੱਚ ਰੂਹਾਂ ਦੀ ਸਰਦਾਰੀ ਹੈ ਅਤੇ ਸਰੀਰਕ ਇੱਛਾਵਾਂ ਮਾਇਨੇ ਨਹੀਂ ਰੱਖਦੀਆਂ ਹਨ।

ਗੁਰਬਖ਼ਸ਼ ਸਿੰਘ ਪ੍ਰੀਤਲੜੀ ਨੇ ਆਪਣੇ ਦੋਨਾਂ ਨਾਵਲਾਂ ਵਿੱਚ ਅੰਗਰੇਜ਼ ਕਾਲ ਨੂੰ ਪਿਛੋਕੜ ਵਿੱਚ ਰੱਖਕੇ ਆਪਣੇ ਸਮਕਾਲੀ ਸਮਾਜਿਕ ਵਿਸ਼ਵਾਸ਼ਾਂ ਦਾ ਪ੍ਰਤਿਕ੍ਰਿਆਤਮਕ ਰੂਪ ਵਿੱਚ ਮੁਲਾਂਕਣ ਕੀਤਾ ਹੈ। ਉਸ ਸਮੇਂ ਭਾਰਤੀ ਜਾਗੀਰਦਾਰੀ ਨਿਜ਼ਾਮ ਦਾ ਟਾਕਰਾ ਅੰਗਰੇਜ਼ੀ ਸਾਮਰਾਜ ਰਾਹੀਂ ਪੂੰਜੀਵਾਦੀ ਨਿਜ਼ਾਮ ਨਾਲ ਹੋ ਰਿਹਾ ਸੀ। ਇਸ ਟਾਕਰੇ ਦੇ ਫਲਸਰੂਪ ਭਾਵੇਂਕਿ ਪੂੰਜੀਵਾਦੀ ਨਿਜ਼ਾਮ ਦੀਆਂ ਕੀਮਤਾਂ ਭਾਰਤੀ ਜਨ-ਜੀਵਨ ਨੂੰ ਪ੍ਰਭਾਵਿਤ ਕਰ ਰਹੀਆਂ ਸਨ ਪਰੰਤੂ ਜਾਗੀਰਦਾਰੀ ਨਿਜ਼ਾਮ ਦੀਆਂ ਜੜ੍ਹਾਂ ਭਾਰਤੀ ਸਮਾਜ ਵਿੱਚ ਬਹੁਤ ਡੂੰਘੀਆਂ ਸਨ ਜਿਸ ਕਰਕੇ ਪੂੰਜੀਵਾਦੀ ਢਾਂਚੇ ਦੀਆਂ ਕਦਰਾਂ ਇਨਕਲਾਬੀ ਹੱਦ ਤੱਕ ਨਹੀਂ ਪਹੁੰਚੀਆਂ ਸਨ। ਉਸ ਸਮੇਂ ਦੀਆਂ ਸਮਾਜਿਕ ਕਦਰਾਂ ਕੁਦਰਤੀ ਤੌਰ 'ਤੇ ਧਰਮ ਦੇ ਅੰਧ-ਵਿਸ਼ਵਾਸ਼ੀ ਸੰਕਲਪਾਂ ਛੂਤ-ਛਾਤ, ਵਹਿਮ-ਭਰਮ, ਤਕਦੀਰ ਅਤੇ ਇਸਤਰੀ-ਮਰਦ ਦੇ ਆਪਸੀ ਸੰਬੰਧਾਂ ਬਾਰੇ ਸੰਕੀਰਣ ਜਿਹੀ ਸੋਚ ਦੀਆਂ ਧਾਰਨੀ ਸਨ ਪਰੰਤੂ ਵਰਤਮਾਨ ਸਮਾਜਿਕ, ਰਾਜਨੀਤਕ, ਸਭਿਆਚਾਰਕ, ਆਰਥਿਕ ਤੇ ਮਨੁੱਖੀ ਕੀਮਤਾਂ ਪ੍ਰਤੀ ਮਾਨਸਿਕ ਤੌਰ 'ਤੇ ਸੁਚੇਤ ਗੁਰਬਖ਼ਸ਼ ਸਿੰਘ ਪ੍ਰੀਤਲੜੀ ਨੇ ਆਪਣੇ ਵਿਸ਼ੇਸ਼ ਫਲਸਫੇ ਰਾਹੀਂ ਸਮਾਜ ਨੂੰ ਸਹੀ ਸੇਧ ਦੇਣ ਦਾ ਯਤਨ ਕੀਤਾ ਹੈ। ਇਹਨਾਂ ਨਾਵਲਾਂ ਵਿੱਚ ਨਾਵਲਕਾਰ ਨੇ ਆਪਣੇ ਸਮਕਾਲੀ ਸਮਾਜ ਵਿੱਚ ਵਿਦਮਾਨ ਸਮਾਜਿਕ ਕੁਰੀਤੀਆਂ ਦੀ ਪੜਚੋਲ ਕਰਨ ਦੇ ਨਾਲ-ਨਾਲ ਪ੍ਰਮੁੱਖ ਰੂਪ ਵਿੱਚ ਆਪਣੇ ਵਿਸ਼ੇਸ਼ ਫਲਸਫੇ 'ਪਿਆਰ ਕਬਜ਼ਾ ਨਹੀਂ ਪਹਿਚਾਣ' ਨੂੰ ਪ੍ਰਸਤੁਤ ਕੀਤਾ ਹੈ। ਉਸਦੇ ਜੀਵਨ ਵਿੱਚ ਅਨੇਕ ਇਸਤਰੀਆਂ ਆਈਆਂ ਜਿਨ੍ਹਾਂ ਤੋਂ ਉਸਨੂੰ ਇਸਤਰੀ ਦੀ ਬੇਵਸੀ ਤੇ ਦੁਰਦਸ਼ਾ ਦਾ ਅਹਿਸਾਸ ਹੋਇਆ ਜਿਸ ਕਾਰਨ ਉਸਨੇ 'ਪ੍ਰੀਤ' ਨੂੰ ਕੇਵਲ ਪਤੀ-ਪਤਨੀ ਦੇ ਸੰਬੰਧ ਤੋਂ ਬਾਹਰ ਕੱਢ ਕੇ ਨਵੇਂ ਤੇ ਵਿਆਪਕ ਅਰਥ ਦਿੱਤੇ। ਉਸ ਅਨੁਸਾਰ 90ਫ਼ੀਸਦੀ ਨਾਕਾਮਯਾਬੀਆਂ ਪ੍ਰੀਤ-ਪ੍ਰਵਾਹ ਨੂੰ ਸਮਾਜ ਦੀਆਂ ਅੰਦਰੂਨੀ ਬੰਦਸ਼ਾਂ ਵਿੱਚ ਬੰਨ ਕੇ ਰੱਖਣਾ ਹੈ। ਇਸ ਲਈ ਉਹ ਆਪਣੇ 'ਪ੍ਰੀਤ' ਸਿਧਾਂਤ ਨੂੰ ਮਨੁੱਖ ਦੀਆਂ ਅਤਿ ਕਠਿਨ ਗੁੰਝਲਾਂ ਨੂੰ ਸੁਲਝਾਉਣ ਦਾ ਜ਼ਰੀਆ ਉਸ ਸਮੇਂ ਸਮਝਦਾ ਹੈ ਜਿਸ ਸਮੇਂ ਮੁੰਡੇ ਕੁੜੀ ਦਾ ਆਪਸੀ ਪਿਆਰ ਤਾਂ ਕੀ, ਇੱਕ ਦੂਜੇ ਨੂੰ ਬੁਲਾਉਣਾ ਵੀ ਗੁਨਾਹ ਸਮਝਿਆ ਜਾਂਦਾ ਸੀ। ਗੁਰਬਖ਼ਸ਼ ਸਿੰਘ ਪ੍ਰੀਤਲੜੀ ਨੇ ਮਨੁੱਖ ਦੀ ਨਬਜ਼ ਨੂੰ ਪਛਾਣਿਆਂ ਤੇ ਉਸਦੇ ਕੁਦਰਤੀ ਵਿਕਾਸ ਤੇ ਸੁਖੀ ਜੀਵਨ ਲਈ ਇਹਨਾਂ ਸਮਾਜਿਕ ਬੰਧਨਾਂ ਨੂੰ ਰੁਕਾਵਟ ਮੰਨ ਕੇ ਇਸਨੂੰ ਦੂਰ ਕਰਨ ਦਾ ਯਤਨ ਕੀਤਾ ਕਿਉਂਕਿ ਉਸਨੂੰ ਸਮਕਾਲੀ ਸਮਾਜ ਦੀਆਂ ਰੂੜੀਵਾਦੀ ਕੀਮਤਾਂ ਗ਼ਲਤ ਤੇ ਮਨੁੱਖੀ ਵਿਕਾਸ ਵਿੱਚ ਰੁਕਾਵਟ ਪਾਉਂਦੀਆਂ ਜਾਪੀਆਂ। ਇਸ ਲਈ ਉਸਨੇ ਆਪਣੇ ਦੋਵਾਂ ਨਾਵਲਾਂ ਵਿੱਚ ਆਪਣੇ 'ਸਹਿਜ-ਪ੍ਰੀਤ' ਫਲਸਫੇ ਦੀ ਜ਼ੋਰਦਾਰ ਵਲਾਕਤ ਕੀਤੀ ਹੈ। ਜਿਸ ਤਰ੍ਹਾਂ ਦਾ ਫ਼ੈਸਲਾ ਨਾਵਲ 'ਅਣਵਿਆਹੀ ਮਾਂ' ਦੀ ਪ੍ਰਭਾ ਨੇ ਕੀਤਾ ਸੀ ਉਹ ਸਮਕਾਲੀ ਸਮਾਜ ਵਿੱਚ ਕਰਨਾ ਤਾਂ ਦੂਰ ਦੀ ਗੱਲ ਸੋਚਿਆ ਵੀ ਨਹੀਂ ਜਾ ਸਕਦਾ ਸੀ। ਇਸ ਲਈ ਸਮਕਾਲੀ ਕੱਟੜ ਜਾਗੀਰਦਾਰੀ ਸਮਾਜ ਨੇ ਇਸ ਵਿਚਾਰਧਾਰਾ ਦਾ ਪੁਰਜ਼ੋਰ ਵਿਰੋਧ ਕੀਤਾ ਸੀ। 'ਅਣ ਵਿਆਹੀ ਮਾਂ' ਨਾਵਲ ਰਾਹੀਂ ਉਹ ਸਮਾਜ ਦੀਆਂ ਗ਼ਲਤ ਰੂੜੀਵਾਦੀ ਕਦਰਾਂ-ਕੀਮਤਾਂ ਉਤੇ ਕਰਾਰੀ ਸੱਟ ਮਾਰਦਾ ਹੈ ਅਤੇ ਵਿਅਕਤੀਗਤ ਮਨੁੱਖੀ ਆਤਮਾ ਦੇ ਸਵੈ-ਫ਼ੈਸਲੇ ਨੂੰ ਜੀਵਨ ਵਿਕਾਸ ਦੀ ਲੋੜੀਂਦੀ ਕੜੀ ਸਵੀਕਾਰ ਕਰਦਾ ਹੈ। ਇਸ ਨਾਵਲ ਵਿੱਚ ਇੱਕ ਆਤਮਾ ਦਾ ਦੂਸਰੀ ਆਤਮਾ ਦੀ ਆਖਰੀ ਰਾਤ ਨੂੰ ਪਿਆਰ ਨਾਲ ਭਰਨ ਲਈ ਜੀਵਨ-ਬਲੀਦਾਨ ਕਰਨ ਦਾ ਫ਼ੈਸਲਾ ਕਰਨਾ ਤੇ ਆਪਣਾ ਸਾਰਾ ਜੀਵਨ ਇਸ ਫ਼ੈਸਲੇ ਲਈ ਨਿਛਾਵਰ ਕਰਕੇ ਨਰਕ ਬਣਾ ਲੈਣਾ ਨਾਵਲਕਾਰ ਨੂੰ ਅਨੁਚਿਤ ਨਹੀਂ ਜਾਪਦਾ ਹੈ। ਨਾਵਲ 'ਰੁੱਖਾਂ ਦੀ ਜੀਰਾਂਦ' ਵਿੱਚ ਸਮਕਾਲੀ ਸਮਾਜਿਕ ਵਿਸ਼ਵਾਸਾਂ ਨੂੰ ਤੋੜ ਕੇ 'ਸਹਿਜ ਪ੍ਰੀਤ' ਦੇ ਮਾਰਗ ਰਾਹੀਂ ਮਨੁੱਖੀ ਜੀਵਨ ਦੀਆਂ ਅਤਿ ਕਠਿਨ ਸਮੱਸਿਆਵਾਂ ਨੂੰ ਹੱਲ ਕਰਨ ਦਾ ਯਤਨ ਕੀਤਾ ਗਿਆ ਹੈ। ਸਮੇਂ ਦੇ ਸਮਕਾਲੀ ਸਮਾਜ ਵਿੱਚ ਪਾਰੋ-ਐਡੀਸਨ, ਪਾਰੋ-ਅਨਾਬਗੁਲ ਤੇ ਕੁੰਦਨ-ਦਿਲਦਾਰ ਵਰਗੇ ਰਿਸ਼ਤੇ ਅਸੰਭਵ ਸਨ। ਭਾਰਤੀ ਸੰਸਕ੍ਰਿਤੀ ਵਿੱਚ ਉਸਦੀ ਅਜਿਹੀ 'ਸਹਿਜ ਪ੍ਰੀਤ' ਨੂੰ ਅਣਹੋਣੀ ਗੱਲ ਹੀ ਕਿਹਾ ਜਾ ਸਕਦਾ ਹੈ।

ਨਾਵਲਕਾਰ ਨੇ ਪੱਛਮੀ ਜੀਵਨ ਸ਼ੈਲੀ ਨੂੰ ਅਪਣਾਨਿਆ ਤੇ ਇਸ ਸ਼ੈਲੀ ਨੂੰ ਹੀ ਆਪਣੇ ਨਾਵਲਾਂ ਵਿੱਚ ਪੇਸ਼ ਕੀਤਾ ਹੈ। ਭਾਰਤੀ ਸੰਸਕ੍ਰਿਤੀ ਤੇ ਪੱਛਮੀ ਸੰਸਕ੍ਰਿਤੀ ਵਿੱਚ ਬਹੁਤ ਅੰਤਰ ਹੈ। ਭਾਰਤ ਵਿੱਚ ਰੂੜੀਵਾਦੀ ਕਦਰਾਂ-ਕੀਮਤਾਂ ਦਾ ਬੋਲਬਾਲਾ ਹੈ ਜਿਹੜਾ ਕਿ ਮਨੁੱਖੀ ਵਿਕਾਸ ਨਹੀਂ ਹੋਣ ਦਿੰਦਾ। ਇਸਦੇ ਉਲਟ ਪੱਛਮੀ ਸਭਿਆਚਾਰ ਮਨੁੱਖੀ ਵਿਕਾਸ ਵਿੱਚ ਵਿਸ਼ੇਸ਼ ਭੂਮਿਕਾ ਨਿਭਾਉਂਦਾ ਹੈ। ਪੱਛਮੀ ਜੀਵਨ ਸ਼ੈਲੀ ਦਾ ਨਵਾਂ ਦ੍ਰਿਸ਼ਟੀਕੋਣ ਜਿਹੜਾ ਭਾਰਤੀ

ਪਰੰਪਰਾ ਵਿੱਚ ਕਿਤੇ ਫਿੱਟ ਨਹੀਂ ਬੈਠਦਾ ਸੀ ਜਦੋਂ ਸਾਹਿਤ ਰਾਹੀਂ ਆਇਆ ਤਾਂ ਇਸਦਾ ਵਿਰੋਧ ਹੋਣਾ ਕੋਈ ਅਲੋਕਾਰ ਗੱਲ ਨਹੀਂ ਹੈ। ਹਰ ਉਸ ਵਿਚਾਰਧਾਰਾ ਦਾ ਵਿਰੋਧ ਹੁੰਦਾ ਆਇਆ ਹੈ ਜਿਹੜੀ ਸਥਾਪਿਤ ਰਵਾਇਤੀ ਕਦਰਾਂ-ਕੀਮਤਾਂ ਨੂੰ ਜੜੋਂ ਉਖਾੜਨ ਦੀ ਗੱਲ ਕਰਦੀ ਹੈ। ਪੱਛਮੀ ਜੀਵਨ ਸ਼ੈਲੀ ਦੇ ਪ੍ਰਭਾਵ ਕਾਰਨ ਹੀ ਨਾਵਲ 'ਅਣ ਵਿਆਹੀ ਮਾਂ' ਦੀ ਸਿਰਜਣਾ ਕੀਤੀ ਗਈ ਹੈ। ਜਿਸ ਸਮੇਂ ਇਹ ਨਾਵਲ ਛਪਿਆ ਸੀ ਉਦੋਂ ਇਹ ਇੱਕ ਵੱਡੀ ਘਟਨਾ ਵਾਂਗ ਸੀ।

ਭਾਰਤੀ ਸਮਾਜ ਵਿੱਚ ਮਾਨਸਿਕ-ਕਾਮੁਕਤਾ ਦਾ ਪ੍ਰਦੂਸ਼ਣ ਦਿਨ-ਪ੍ਰਤੀ-ਦਿਨ ਵਧਦਾ ਜਾ ਰਿਹਾ ਹੈ। ਸਹਾਰਾ ਲੱਭਣ ਗਈ ਪ੍ਰਭਾ ਨੂੰ ਹਰ ਥਾਂ ਉੱਤੇ ਵੱਖ-ਵੱਖ ਧਰਮ ਤੇ ਸਮਾਜ ਦੇ ਠੇਕੇਦਾਰਾਂ ਨੇ ਕਾਮੁਕ-ਕੁਚੱਜ ਦੇ ਗ਼ਲਾਜ਼ਤ ਭਰੇ ਕਾਰਨਾਮਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਕਾਮ ਦੀ ਕਰਾਮਾਤੀ ਊਰਜਾ ਦੇ ਅਰਥਾਂ ਤੋਂ ਸੱਖਣਾ ਇਹ ਸਮਾਜ, ਸੌਂਦਰਯ-ਬੋਧ ਦੀ ਰਚਨਾ ਕਰਨ ਤੋਂ ਅਸਮਰਥ ਹੈ। "ਪ੍ਰਭਾ ਆਪਣੀ ਕਿਸਮਤ ਨੂੰ ਏਨਾ ਨਹੀਂ ਸੀ ਰੋਂਦੀ, ਜਿੰਨਾ ਇਹਨਾਂ ਲੋਕਾਂ ਦੀ ਸਭਿਅੱਤਾ ਨੂੰ ਰੋਂਦੀ ਸੀ। ਹਨੇਰ ਆ ਗਿਆ, ਕੀ ਸਕੂਲ ਦੇ ਪ੍ਰਧਾਨ, ਕੀ ਹਰਿਮੰਦਰ ਦੇ ਸੇਵਾਦਾਰ, ਸਭ ਉਤੇ ਇੱਕੋ ਹਵਸ ਦਾ ਰਾਜ ਹੈ! ਕਿਸ ਨੂੰ ਦੱਸੇ, ਕਿਦ੍ਹੇ ਅੱਗੇ ਫ਼ਰਿਆਦ ਕਰੇ! ਸੱਭੋ ਨਿਆਂਕਾਰ ਤੇ ਸਾਰੇ ਸਾਲਸ ਉਹਦੀ ਜਵਾਨੀ ਦਾ ਸਿਰਫ਼ ਇੱਕੋ ਹੀ ਅਰਥ ਸੋਚ ਸਕਦੇ ਹਨ।"[11] ਇਹਨਾਂ ਨਾਵਲਾਂ ਵਿੱਚ ਨਾਵਲਕਾਰ ਆਪਣੇ ਸਮਕਾਲੀ ਸਮੇਂ ਦੇ ਸਮਾਜ ਦੇ ਕਰਮ ਕਾਂਡੀ ਧਾਰਮਿਕ ਚਰਿੱਤਰ ਉਤੇ ਕਿੰਤੂ ਪ੍ਰਗਟ ਕਰਦਾ ਹੈ ਅਤੇ ਨਾਲ ਹੀ ਉਹ ਸਮਾਜ ਵਿੱਚ ਫੈਲੇ ਭ੍ਰਿਸ਼ਟਚਾਰ ਤੇ ਧਰਮ ਦੇ ਪਰਦੇ ਹੇਠ ਹੋ ਰਹੇ ਵਿਭਚਾਰ ਨੂੰ ਵੀ ਨੰਗਾ ਕਰਦਾ ਹੈ। ਨਾਵਲ 'ਅਣਵਿਆਹੀ ਮਾਂ' ਦੀ ਨਾਇਕਾ ਪ੍ਰਭਾ ਜਦੋਂ ਧਾਰਮਿਕ ਸਥਾਨਾਂ 'ਤੇ ਸਹਾਇਤਾ ਮੰਗਣ ਜਾਂਦੀ ਹੈ ਤਾਂ ਉਸਨੂੰ ਧਾਰਮਿਕ ਸਥਾਨਾਂ ਅੰਦਰ ਹੋ ਰਹੇ ਪਾਖੰਡ ਦਾ ਪਤਾ ਲੱਗਦਾ ਹੈ। ਨਾਵਲਾਂ ਉਹ ਸੰਤ ਮਹੰਤ ਜਿਹੜੇ ਆਪਣੀ ਵਿਦਵਤਾ ਦੇ ਪ੍ਰਭਾਵ ਨਾਲ ਸੁਖ-ਵਿਹੂਣੇ ਲੋਕਾਂ ਦੀ ਮਾਨਸਿਕ ਤੇ ਆਰਥਿਕ ਸ਼ਾਂਤੀ ਲਈ ਹਮੇਸ਼ਾ ਸਦਾਚਾਰਕਤਾ ਦਾ ਉਪਦੇਸ਼ ਦਿੰਦੇ ਹਨ, ਉਹਨਾਂ ਦੀ ਆਪਣੀ ਇਖ਼ਲਾਕੀ ਬੁਨਿਆਦ ਕਿਤਨੀ ਖੋਖਲੀ ਤੇ ਵਿਭਚਾਰੀ ਹੈ ਉਹ 'ਰੁੱਖਾਂ ਦੀ ਜੀਰਾਂਦ' ਨਾਵਲ ਵਿੱਚ ਸਪੱਸ਼ਟ ਰੂਪ ਵਿੱਚ ਪੇਸ਼ ਕੀਤੀ ਗਈ ਹੈ। ਦਰਸ਼ਨਾਂ ਨੂੰ ਆਈ ਨਿਰਬਲ ਪਾਰੋ ਨੂੰ ਮਹੰਤ ਧਿਆਨ ਪ੍ਰਕਾਸ਼ ਆਪਣੇ ਆਲੀਸ਼ਾਨ ਆਰਾਮ ਕਮਰੇ ਵਿੱਚ ਬੁਲਾ ਕੇ ਉਸ ਨਾਲ ਸਰੀਰਕ ਦੁਰਚਾਰ ਕਰਦਾ ਹੈ। "ਮਹੰਤ ਹਸ ਪਿਆ, ਤੇ ਆਪਣੇ ਬਲ ਦੀ ਹੈਂਕੜ ਵਿਚ ਪਲੰਘ ਤੋਂ ਉਠ ਕੇ ਪਾਰੋ ਦੇ ਨੇੜੇ ਆ ਖਲੋਤਾ, ਤੇ ਘੂਰ ਕੇ ਆਖਣ ਲੱਗਾ, "ਬੜੀ ਸਤਿਵੰਤੀ ਏਂ ਤੂੰ! ਮੈਂ ਕਈਆਂ ਦੇ ਜੰਦਰੇ ਖੋਲ੍ਹੇ, ਕਈਆਂ ਦੇ ਤੋੜੇ ਤੂੰ ਕਿਦ੍ਹੀ ਵਿਚਾਰੀ ਏ! ਤੇ ਉਸਨੇ ਪਾਰੋ ਦੀਆਂ ਦੋਵੇਂ ਬਾਹਾਂ ਫੜ੍ਹ ਲਈਆਂ, ਸੁਣ ਮੂਰਖ ਇਸਤ੍ਰੀ, ਮੈਨੂੰ ਮੇਰੀ ਆਈ ਤੋਂ ਏਸ ਵੇਲੇ ਕੋਈ ਨਹੀਂ ਰੋਕ ਸਕਦਾ। ਇਹ ਕਮਰਾ ਮੇਰਾ ਕਿਲ੍ਹਾ ਏ, ਬਾਹਰ ਮੇਰਾ ਸੇਵਾਦਾਰ ਪਹਿਰੇ ਉਤੇ ਏ। ਕੋਈ ਦੂਜਾ ਏਸ ਅੰਦਰ ਫੜਕ ਨਹੀਂ ਸਕਦਾ। ਵੇਖੀਆਂ, ਮੇਰੀਆਂ ਬਾਹਾਂ ਦੀ ਸ਼ਕਤੀ!--ਹਿਲਾ ਖਾਂ ਜੇ ਤੂੰ ਆਪਣੀ ਬਾਂਹ ਹਿਲਾ ਸਕਨੀ ਏਂ। ਹੁਣੇ ਤੇਰੇ ਸੜੇ ਸਤਿ ਦੇ ਜੰਦਰੇ ਮੰਦਰੇ ਕੁੜਕ ਜਾਣੇ ਨੇ।"[12] ਸੰਤ ਦੇ ਚਰਿੱਤਰ ਦੀ ਦੂਸਰੀ ਮਿਸਾਲ ਹੈ, "ਪਹਿਲਾਂ ਤਾਂ ਉਹਨਾਂ ਇਹਨੂੰ ਨਾਮ ਦਾਨ ਦਿਤਾ। ਫੇਰ ਉਹਦੀ ਇੱਜ਼ਤ ਦਾ ਨਾਮ-ਨਿਸ਼ਾਨ ਮੇਟ ਦਿਤਾ।"[13] ਇਸ ਤਰ੍ਹਾਂ ਨਾਵਲ ਵਿੱਚ ਉਹਨਾਂ ਧਰਮ ਦੇ ਨਾਂ ਹੇਠ ਦੰਭੀ ਸਾਧੂਆਂ ਦੀ ਅਸਲੀਅਤ ਦਰਸਾਈ ਗਈ ਹੈ ਜਿਹੜੇ ਭੋਲੇ ਭਾਲੇ ਲੋਕਾਂ ਦੀ ਇੱਜ਼ਤ ਨਾਲ ਖਿਲਵਾੜ ਕਰਦੇ ਹਨ।

ਨਾਵਲਾਂ ਦੀ ਪਿੱਠਭੂਮੀ ਅੰਗਰੇਜ਼ੀ ਰਾਜ ਸਮੇਂ ਦੀ ਹੈ। ਉਸ ਸਮੇਂ ਅੰਗਰੇਜ਼ ਪਿੱਠੂ ਭਾਰਤੀ ਅਫ਼ਸਰਾਂ ਤੇ ਆਪਣੀ ਆਜ਼ਾਦੀ ਲਈ ਸੰਘਰਸ਼ ਕਰ ਰਹੇ ਭਾਰਤੀ ਨੌਜਵਾਨਾਂ ਉੱਤੇ ਵੀ ਝਾਤ ਪੁਆਈ ਗਈ ਹੈ। ਨਾਵਲਾਂ ਵਿੱਚ ਉਹਨਾਂ ਭਾਰਤੀ ਅਫ਼ਸਰਾਂ ਵੱਲ ਇਸ਼ਾਰਾ ਕੀਤਾ ਗਿਆ ਹੈ ਜਿਹੜੇ ਆਪਣੇ ਪਦਾਰਥਕ ਹਿੱਤਾਂ ਨੂੰ ਪ੍ਰਾਪਤ ਕਰਨ ਲਈ ਅੰਗਰੇਜ਼ ਅਫ਼ਸਰਾਂ ਦੀ ਗ਼ੁਲਾਮੀ ਕਰਦੇ ਸਨ ਤੇ ਉਹਨਾਂ ਦੀ ਹਰ ਮੁਸ਼ਕਿਲ ਦਾ ਹੱਲ ਕਰਨ ਲਈ ਤਿਆਰ ਹੋ ਜਾਂਦੇ ਸਨ। ਨਾਵਲ 'ਰੁੱਖਾਂ ਦੀ ਜੀਰਾਂਦ' ਦੇ ਰਾਇ ਬਹਾਦਰ ਨੂੰ ਅੰਗਰੇਜ਼ ਅਫ਼ਸਰ 'ਮੁਸ਼ਕਲ-ਕੁਸ਼ਾ' ਕਹਿੰਦੇ ਸਨ। ਇਹਨਾਂ ਸਰਕਾਰੀ ਪਿੱਠੂਆਂ ਦੇ ਚਰਿੱਤਰ ਉਤੇ ਨਾਵਲ 'ਅਣਵਿਆਹੀ ਮਾਂ' ਵਿੱਚ ਇਸ ਤਰ੍ਹਾਂ ਚਾਨਣਾ ਪਾਇਆ ਗਿਆ ਹੈ, "ਸਾਡੀ ਨਵੀਂ ਬਸਤੀ ਵਿਚ ਹਰ ਦੂਜੇ ਬੰਗਲੇ ਵਿਚ ਇੱਕ ਰਾਏ ਬਹਾਦਰ ਰਹਿੰਦਾ ਏ--ਸਰਕਾਰ ਦੇ ਹੇਠਾਂ ਇਹ ਬੜੇ ਬੜੇ ਕੰਮ ਕਰ ਕੇ ਆਏ ਨੇ, ਪੜਤਾਲੀਆ ਕਮੇਟੀਆਂ ਦੇ ਪ੍ਰਧਾਨ ਰਹੇ ਨੇ, ਔਖੇ ਪੁੱਲ ਤੇ ਆਲੀਸ਼ਾਨ ਇਮਾਰਤਾਂ ਬਣਵਾ ਕੇ ਪਿੰਨਸ਼ਨਾਂ ਲਿਆਏ ਨੇ, ਪਰ ਆਪਣੇ ਲਈ ਇਹ ਇੱਕ ਸੜਕ ਚੰਗੀ ਨਹੀਂ ਬਣਾ ਸਕਦੇ, ਇੱਕ ਮੀਟਿੰਗ ਅਮਨ ਨਾਲ ਨਹੀਂ ਲਾ ਸਕਦੇ। ਕਲੱਬ ਵਿਚ ਗਲੀਆਂ ਦੀਆਂ ਜ਼ਨਾਨੀਆਂ ਵਾਂਗ ਤਾਹਨੇ ਦੇਂਦੇ ਨੇ, ਉੱਚੀ ਬੋਲਦੇ ਨੇ, ਮੁੱਕੇ ਵੱਟਦੇ ਨੇ--ਇਹਨਾਂ ਸਰਕਾਰੀ ਅਫ਼ਸਰਾਂ ਵਰਗੇ ਬੇ-ਦਿਲ, ਪਿਆਰੋਂ ਸੱਖਣੇ, ਖ਼ੁਦਗਰਜ਼ ਤੇ ਹਮਦਰਦੀ ਤੋਂ ਉੱਕੇ ਖ਼ਾਲੀ ਆਦਮੀ ਸ਼ਾਇਦ ਹੀ ਕੋਈ ਹੋਰ ਲੱਭਣਗੇ।"[14] ਇਹ ਅਫ਼ਸਰ ਬੇ-ਅਣਖੀ ਤੇ ਬੇ-ਅਸੂਲ ਹੋਣ ਕਾਰਨ ਕੌਮੀ ਆਜ਼ਾਦੀ ਵਿੱਚ ਵੀ ਰੁਕਾਵਟ ਪਾ ਰਹੇ ਸਨ। ਇਸ ਤੋਂ ਇਲਾਵਾ ਮਲਕਾ ਵਿਕਟੋਰੀਆ ਦੇ ਹੁਕਮ ਨਾਲ ਕਿਸਾਨਾਂ ਤੋਂ ਮਾਲੀਆ ਉਗਰਾਹੁਣ ਆਏ ਸਰਕਾਰੀ ਕਰਮਚਾਰੀਆਂ ਦਾ ਵਤੀਰਾ ਵੀ ਬੜੀ ਬੇਰਹਿਮੀ ਭਰਿਆ ਤੇ ਜ਼ੁਲਮੀ ਹੈ। ਉਹ ਕਿਸਾਨਾਂ ਦੀ ਬੜੀ ਬੇਇੱਜ਼ਤੀ ਕਰਦੇ ਹਨ ਤੇ ਗੰਦੀ ਸ਼ਬਦਾਵਲੀ ਦੀ ਵਰਤੋਂ ਕਰਦੇ ਹਨ। "ਚੁਪ ਕਰ ਮਕਰਿਆ -- ਪੁਰਲ ਪੁਰਲ ਗੱਲਾਂ ਕਰੀ ਜਾਨੈ - ਰੁਪਈਏ ਝੁਗੇ 'ਚੋਂ ਚਾਲੀ ਹੀ ਨੇ - ਹੁਣੇ ਕੱਢ। ਧੀ ਗੁਆਚ ਗਈ, ਧੀ ਗੁਆਚ ਗਈ ! ਉਹ ਕਿਤੇ ਪੇਸ਼ਾ ਪਈ ਕਰਦੀ ਹੋਵੇਗੀ - ਸਰਕਾਰ ਨੂੰ ਇਹਦੇ ਨਾਲ ਕੀਹ - ਮਲਕਾ ਵਿਕਟੋਰੀਆ ਦਾ ਮਾਲੀਆ ਹੁਣੇ ਐਸੇ ਵੇਲੇ ਤਾਰਨਾ ਹੋਵੇਗਾ। ਨਹੀਂ ਤਾਂ ਕਰ ਓਇ ਇਹਦਾ ਦਾਰੂ। ਖਚਰਾ ਜੱਟ ਬਿਨਾਂ ਛਿੱਤਰਾਂ ਨਹੀਂਓ ਝੜਣਾ।"[15]

ਭਾਰਤੀ ਸਮਾਜ ਵਿੱਚ ਗ਼ਲਤ ਕੀਮਤਾਂ ਦੀ ਬੁਨਿਆਦ ਕਾਰਨ ਜਿਨਸੀ ਸੰਬੰਧ ਤੇ ਪਿਆਰ ਵਿਆਹ ਨਾਲ ਸੰਬੰਧਿਤ ਕੀਤੇ ਗਏ ਹਨ। ਵਿਆਹ ਤੋਂ ਬਿਨਾਂ ਨਾ ਪਿਆਰ ਕਰਨ ਦੀ ਤੇ ਨਾ ਹੀ ਜਿਨਸੀ ਸੰਬੰਧ ਬਣਾਉਣ ਦੀ ਸਮਾਜ ਇਜ਼ਾਜ਼ਤ ਦਿੰਦਾ ਹੈ। ਇਸ ਲਈ ਨਾਵਲ 'ਅਣਵਿਆਹੀ ਮਾਂ' ਵਿਚਲੀ ਨਾਇਕਾ ਅਜਿਹੀ

ਸਥਿਤੀ ਅਤੇ ਗਤੀ-ਵਿਧੀ ਨੂੰ ਪ੍ਰਸਤੁਤ ਕਰਦੀ ਹੈ ਜਿਹੜੀ ਆਮ ਪ੍ਰਚਲਤ ਸਮਾਜਿਕ ਵਿਵਸਥਾ ਦੀਆਂ ਰੂੜੀਵਾਦੀ ਕਦਰਾਂ-ਕੀਮਤਾਂ ਨੂੰ ਮੰਨਣ ਤੋਂ ਇਨਕਾਰ ਕਰਕੇ ਮਾਨਵ-ਹਿੱਤਕਾਰੀ ਭਾਵਨਾ ਦੇ ਅੰਤਰਗਤ ਗੈਰ ਪਰੰਪਰਕ ਰਿਸ਼ਤਿਆਂ ਨੂੰ ਜਿਊਣ ਦਾ ਕਠੋਰ ਨਿਰਣਾ ਕਰਦੀ ਹੈ। ਇਹ ਨਾਇਕਾ ਵਿਆਹ ਨੂੰ ਦੋ ਮਨਾਂ ਦਾ ਇਕਰਾਰ ਸਮਝਦੀ ਹੈ ਤੇ ਅਨਪੜ੍ਹ ਪੰਡਤਾਂ ਦੇ ਅਸ਼ੁੱਧ ਮੰਤਰਾਂ ਨੂੰ ਨਹੀਂ ਮੰਨਦੀ। "ਮੇਰਾ ਯਕੀਨ ਸੀ ਕਿ ਬਿਨਾਂ ਪ੍ਰੋਹਤਾਂ ਦੇ ਵੀ ਵਿਆਹ ਹੋ ਸਕਦੇ ਨੇ, ਕਿਉਂਕਿ ਵਿਆਹ ਦੋ ਮਨਾਂ ਦਾ ਇਕਰਾਰ ਏ। ਹੋਰ ਰਸਮਾਂ ਵਧਾਈਆਂ ਵੀ ਜਾ ਸਕਦੀਆਂ ਨੇ ਤੇ ਘਟਾਈਆਂ ਵੀ, ਪਰ ਅਸਲੀ ਵਿਆਹ ਦੀ ਰਸਮ ਦੋਂਹ ਦਿਲਾਂ ਦਾ ਪੂਰਨ ਮਨੇਵਾ ਹੈ। ਕੋਈ ਪੰਡਤ ਮੇਰੇ ਵਿਆਹ ਨੂੰ ਏਦੂੰ ਪਕੇਰਾਂ ਨਹੀਂ ਪੜ੍ਹਾ ਸਕਦਾ।"[16] ਤਾਂ ਸਮਾਜ ਵਿੱਚ ਇੱਕ ਭੂਚਾਲ ਖੜ੍ਹਾ ਹੋ ਜਾਂਦਾ ਹੈ ਪਰੰਤੂ ਨਾਵਲ ਦੀ ਨਾਇਕਾ ਪੜ੍ਹੀ ਲਿਖੀ ਤੇ ਆਧੁਨਿਕ ਖ਼ਿਆਲਾਂ ਦੀ ਹੋਣ ਕਰਕੇ ਤੇ ਸਹਿਜ ਪ੍ਰੀਤ ਦੀ ਧਾਰਨੀ ਹੋ ਕੇ ਪੁਰਾਤਨ ਵਿਆਹ ਪ੍ਰਬੰਧ ਨੂੰ ਨਹੀਂ ਮੰਨਦੀ ਤੇ ਆਪਣੀ ਜ਼ਿੰਦਗੀ ਸਵੈਮਾਣ ਨਾਲ ਜਿਊਣ ਲਈ ਮਰਦ ਪ੍ਰਧਾਨ ਸਮਾਜ ਵਿੱਚ ਸੰਘਰਸ਼ ਕਰਦੀ ਹੈ। ਇਸ ਤਰ੍ਹਾਂ ਨਾਵਲ ਵਿੱਚ ਪਰੰਪਰਕ, ਸਮਾਜਿਕ ਮਰਿਯਾਦਾ ਅਤੇ ਸੰਸਥਾ ਦੇ ਵੇਲਾ-ਵਿਹਾ ਚੁੱਕੇ ਮੁੱਲ-ਪ੍ਰਬੰਧ ਨੂੰ ਵੰਗਾਰਿਆਂ ਜਾਂਦਾ ਹੈ ਅਤੇ ਵਿਅਕਤੀ ਨੂੰ ਖੋਖਲੀਆਂ ਰਸਮਾਂ-ਰੀਤਾਂ ਦੀ ਗੁਲਾਮੀ ਤੋਂ ਆਜ਼ਾਦ ਹੋ ਕੇ ਨਵਾਂ ਜੀਵਨ ਜਿਊਣ ਲਈ ਪ੍ਰੇਰਿਤ ਕਰਦੇ ਹੋਏ ਪਰੰਪਰਕ ਧਰਮ ਤੇ ਨੈਤਿਕਤਾ ਦੇ ਸਾਹਮਣੇ ਪ੍ਰਸ਼ਨ-ਚਿੰਨ ਵੀ ਲਗਾ ਦਿੱਤਾ ਜਾਂਦਾ ਹੈ। ਇਸ ਨਾਲ ਹੀ ਪ੍ਰਚਲਤ ਸਮਾਜਿਕ-ਸਭਿਆਚਾਰਕ ਵਿਵਸਥਾ ਨਾਲ ਵਿਚਾਰਧਾਰਾ ਦੀ ਪੱਧਰ ਉਪਰ ਸੰਵਾਦ ਰਚਾ ਕੇ "ਇਹ ਮਰਦ ਪ੍ਰਧਾਨ ਸਮਾਜਿਕ ਵਿਵਸਥਾ ਦੀਆਂ ਕਦਰਾਂ-ਕੀਮਤਾਂ ਦੇ ਦੰਭ ਨੂੰ ਉਜਾਗਰ ਕਰਦਾ ਹੈ ਅਤੇ ਇਸਤਰੀ-ਪੁਰਖ ਸੰਬੰਧਾਂ ਨੂੰ ਪਰਸਪਰ ਪਹਿਚਾਨ ਸੁਹਿਰਦਤਾ ਅਤੇ ਸੁਤੰਤਰਤਾ ਦੀਆਂ ਲੀਹਾਂ ਉਪਰ ਉਸਾਰਨਾ ਚਾਹੁੰਦਾ ਹੈ।"[17] ਦੂਸਰੇ ਨਾਵਲ ਵਿੱਚ ਪ੍ਰਚਲਤ ਸਮਾਜਿਕ-ਸਭਿਆਚਾਰਕ ਪ੍ਰਬੰਧ ਵਿੱਚ ਪੀੜਤ ਔਰਤ ਦੀ ਤ੍ਰਾਸਦਿਕ ਸਥਿਤੀ, ਫਿਰ ਉਸਨੂੰ ਇਸ ਸਥਿਤੀ ਵਿੱਚੋਂ ਬਾਹਰ ਕੱਢਣ ਤੇ ਨਵਾਂ ਸਦਾਚਾਰ ਭਰਿਆ ਜੀਵਨ ਮੂਰਤੀਮਾਨ ਹੁੰਦਾ ਹੈ।

'ਵੇਸਵਾਪਨ' ਦੀ ਸਮੱਸਿਆ ਨੂੰ ਵੀ ਵਿਸ਼ੇ ਵਜੋਂ ਲਿਆ ਗਿਆ ਹੈ। 'ਕਿਸੇ ਵੇਸਵਾ ਦੀ ਜ਼ਿੰਦਗੀ ਨਾਲ ਸ਼ਿਕਾਇਤ' ਪੁਸਤਕ ਪੜ੍ਹਨ ਉਪਰੰਤ ਨਾਵਲਕਾਰ ਨੇ ਮੁੰਬਈ ਦੀ ਇੱਕ ਵੇਸਵਾ ਨਾਲ ਮੁਲਾਕਾਤ ਕਰਕੇ ਇਹ ਨਾਵਲ ਦੀ ਰਚਨਾ ਕੀਤੀ ਹੈ। ਨਾਵਲ ਅਨੁਸਾਰ ਇੱਕ ਵੇਸਵਾ ਵੀ ਅਤਿ ਉੱਚੇ ਇਖ਼ਲਾਕ ਵਾਲੀ, ਸੁਘੜ ਪਤਨੀ ਤੇ ਮਮਤਾ ਭਰੀ ਮਾਂ ਵੀ ਹੁੰਦੀ ਹੈ। ਭਾਵੇਂਕਿ ਨਾਵਲ ਵਿੱਚ ਵੇਸਵਾ ਦੀ ਸਮੱਸਿਆ ਦਾ ਕੋਈ ਹੱਲ ਨਹੀਂ ਸੁਝਾਇਆ ਗਿਆ ਹੈ ਪਰੰਤੂ ਇੱਕ ਕੁੜੀ ਨੂੰ ਵੇਸਵਾ ਬਣਨ ਲਈ ਜ਼ਿੰਮੇਦਾਰੀ ਸਮਾਜ ਉਤੇ ਪਾ ਦਿੱਤੀ ਹੈ ਜਿਹੜਾ ਇੱਕ ਕੁੜੀ ਵੇਸਵਾ ਬਣਨ ਲਈ ਪਹਿਲਾਂ ਮਜ਼ਬੂਰ ਕਰਦਾ ਹੈ ਤੇ ਬਾਅਦ ਵਿੱਚ ਇਸੇ ਨੂੰ ਹੀ ਘ੍ਰਿਣਾ ਦੀ ਨਜ਼ਰ ਨਾਲ ਦੇਖਦਾ ਹੈ। ਇਸ ਨਾਵਲ ਰਾਹੀਂ ਇੱਕ ਵੇਸਵਾ ਦੇ ਅੰਤਰਮਨ ਦੀ ਝਾਤ ਪੁਆਕੇ ਉਸ ਨਾਲ ਕੀਤੀ ਜਾਂਦੀ ਨਫ਼ਰਤ ਨੂੰ ਦੂਰ ਕਰਨ ਦਾ ਯਤਨ ਕਰਨ ਦੇ ਨਾਲ ਸਮਾਜ ਵਿੱਚ ਯੋਗ ਸਥਾਨ ਦਿਵਾਉਣ ਦਾ ਵੀ ਉਪਰਾਲਾ ਕੀਤਾ ਹੈ। ਇੱਕ ਵੇਸਵਾ ਵੀ ਇੱਕ ਚੰਗੀ ਜ਼ਿੰਦਗੀ ਜਿਊਣ ਤੇ ਪਿਆਰ ਦੀ ਤਾਂਘ ਰੱਖਦੀ ਹੈ। "ਮੈਂ ਭਾਵੇਂ ਵੇਸਵਾ ਹੀ ਸਾਂ, ਪਰ ਪਿਆਰ ਮੇਰੀ ਖ਼ਾਬ ਹੈ।"[18] ਇਸ ਤਰ੍ਹਾਂ ਉਹ ਵੀ ਪਿਆਰ ਨਾਲ ਭਰਪੂਰ ਜ਼ਿੰਦਗੀ ਦੀ ਲੋਚਾ ਰੱਖਦੀ ਹੈ।

ਮੂਲ ਰੂਪ ਵਿੱਚ ਇਹਨਾਂ ਦੋਨਾਂ ਨਾਵਲਾਂ ਵਿੱਚ ਸ਼ਹਿਰੀ ਜੀਵਨ ਦੀ ਪੜ੍ਹੀ-ਲਿਖੀ ਮੱਧ-ਸ਼੍ਰੇਣੀ ਦੇ ਸ਼ਿਸ਼ਟਾਚਾਰ ਨੂੰ ਪੇਸ਼ ਕੀਤਾ ਗਿਆ ਹੈ ਪਰੰਤੂ ਸਭਿਆਚਾਰਕ ਪੱਖੋਂ ਸਾਡੇ ਜੀਵਨ ਵਿੱਚ ਵਿਆਪਕ ਪੁਰਾਣੀਆਂ, ਸਮਾਜਿਕ, ਨੈਤਿਕ, ਧਾਰਮਿਕ ਤੇ ਰਵਾਇਤੀ ਕਿਸਮ ਦੀਆਂ ਕੀਮਤਾਂ ਨੂੰ ਥਾਂ ਦੇਣ ਦੀ ਬਜਾਇ ਨਵੀਆਂ ਨਰੋਈਆਂ ਸਦਾਚਾਰਕ ਕੀਮਤਾਂ ਦੀ ਪੇਸ਼ਕਾਰੀ ਕਰਕੇ ਪੰਜਾਬੀ ਲੋਕਾਂ ਦੀ ਚੇਤਨਾ ਨੂੰ ਪਹਿਲੀ ਵਾਰ ਭਾਈਚਾਰਕ ਸਾਂਝ ਪੈਦਾ ਕੀਤੀ ਗਈ ਹੈ। ਇਹਨਾਂ ਦੋਨਾਂ ਨਾਵਲਾਂ ਵਿੱਚ ਅਪ੍ਰਗਟ ਰੂਪ ਵਿੱਚ ਇੱਕ ਨਿਰਪੱਖ ਭਾਈਚਾਰੇ ਤੇ ਸਮਾਜ ਵੱਲ ਸੰਕੇਤ ਕੀਤਾ ਗਿਆ ਹੈ। 'ਰੁੱਖਾਂ ਦੀ ਜੀਰਾਂਦ' ਨਾਵਲ ਵਿੱਚ ਅਨਾਬਗੁਲ ਪਠਾਣ ਹੈ ਜਿਹੜਾ ਆਪਣੇ ਮਾਲਕਾਂ ਪ੍ਰਤੀ ਵਫ਼ਾਦਾਰ ਹੈ। ਪਾਰੋ ਸਿੱਖ ਧਰਮ ਵਿੱਚੋਂ ਹੈ, ਐਡੀਸਨ ਇਸਾਈ ਹੈ ਤੇ ਰਾਇ ਬਹਾਦਰ ਇੱਕ ਹਿੰਦੂ ਹੈ। ਇਹਨਾਂ ਦਾ ਆਪਸੀ ਵਰਤਾਰਾ ਤੇ ਮਿਲਵਰਤਣ ਸਮੇਂ ਦੇ ਕੱਟੜ ਪੰਥੀਆਂ ਨੂੰ ਆਪਸੀ ਭਰਾਤਰੀ ਭਾਵ ਲਈ ਪ੍ਰੇਰਨਾਂ ਦਿੰਦਾ ਹੈ।

ਸਮਕਾਲੀ ਸਮਾਜ ਦੀ ਨਬਜ਼ ਪਛਾਣਦਿਆਂ ਹੋਏ ਇੱਕ ਵਿਸ਼ੇਸ਼ ਫਲਸਫੇ ਦੇ ਅਧੀਨ ਮਨੁੱਖੀ ਜੀਵਨ ਦੀਆਂ ਘਾਤਕ ਗਲਤ ਸਮਾਜਿਕ ਕੀਮਤਾਂ ਦੀ ਪੜਚੋਲ ਕੀਤੀ ਗਈ ਹੈ ਪਰੰਤੂ ਵਧੇਰੇ ਪਾਤਰ ਤੇ ਪਰਿਸਥਿਤੀਆਂ ਪੇਸ਼ ਵਿਚਾਰਧਾਰਾ ਦੇ ਨੁਕਤੇ ਤੋਂ ਅਣਯਥਾਰਕ ਹਨ। ਜਿਵੇਂ 'ਅਣ ਵਿਆਹੀ ਮਾਂ' ਦੀ ਪ੍ਰਭਾ ਤੇ ਉਸ ਦੁਆਰਾ ਕੀਤਾ ਅਨੋਖਾ ਫੈਸਲਾ ਸਮਕਾਲੀ ਸਮਾਜ ਵਿੱਚ ਤਾਂ ਦੂਰ ਦੀ ਗੱਲ ਅਜੋਕੇ ਸਮੇਂ ਵਿੱਚ ਵੀ ਲੋਕ-ਮਾਨਸਿਕ-ਧਾਰਾ ਦੀ ਅਜਿਹੀ ਬਣਤਰ ਬਣਨੀ ਅਸੰਭਵ ਹੈ। ਇਸ ਤਰ੍ਹਾਂ ਹੀ 'ਰੁੱਖਾਂ ਦੀ ਜੀਰਾਂਦ' ਵਿੱਚ 'ਸਹਿਜ ਪ੍ਰੀਤ' ਦੇ ਸੰਕਲਪ ਅਧੀਨ ਪੇਸ਼ ਹੋਏ ਪਾਤਰ ਅਤੇ ਪਰਿਸਥਿਤੀਆਂ ਵਾਸਤਵਿਕ ਜੀਵਨ ਵਿੱਚ ਲਾਗੂ ਨਹੀਂ ਕੀਤੀਆਂ ਜਾ ਸਕਦੀਆਂ ਹਨ। ਜਿਵੇਂ ਪਾਰੋ ਦਾ ਅਨਾਬਗੁਲ ਦੀ ਪਤਨੀ ਬਣ ਰਹਿਣਾ ਪਰੰਤੂ ਵਾਸਤਵ ਵਿੱਚ ਐਡੀਸਨ ਦੀ ਪਤਨੀ ਹੋਣਾ। ਅਜਿਹਾ ਰਿਸ਼ਤਾ ਅਸੰਭਵ ਹੈ। ਇਸ ਤਰ੍ਹਾਂ ਲੱਗਦਾ ਹੈ ਕਿ ਨਾਵਲਕਾਰ ਵਾਸਤਵਿਕ ਅਵਸਥਾ ਦੀਆਂ ਪਰਿਸਥਿਤੀਆਂ ਨੂੰ ਪਿਛੋਕੜ ਵਿੱਚ ਰੱਖ ਕੇ ਨਵ-ਸਭਿਆਚਾਰਕ ਜੀਵਨ ਦੀ ਉਸਾਰੀ ਦੀ ਯਤਨ ਕਰਦਾ ਹੈ ਜਿਹੜਾ ਭਾਰਤੀ ਸਮਾਜ ਵਿਚਲੇ ਜਨ-ਸਾਧਾਰਨ ਦੀ ਮਾਨਸਿਕ ਬਣਤਰ ਦੇ ਅਨੁਕੂਲ ਨਹੀਂ ਹੈ ਪਰੰਤੂ ਮਨੁੱਖੀ ਜੀਵਨ ਦੇ ਸਹੀ ਵਿਕਾਸ ਲਈ ਨਵੀਨ ਵਿਚਾਰਧਾਰਾ ਨੂੰ ਉਚਿਤ ਠਹਿਰਾਇਆ ਹੈ।

ਇਹਨਾਂ ਨਾਵਲਾਂ ਦੀ ਔਰਤ ਪਾਤਰ ਹੱਕਾਂ ਤੋਂ ਵਾਂਝੀ ਆਪਦੀ ਜ਼ਿੰਦਗੀ ਬਾਰੇ ਸੁਚੇਤ ਹੈ। ਉਸਨੂੰ ਪਤਾ ਹੈ ਕਿ ਜਦੋਂ ਤੱਕ ਉਹ ਮਰਦ ਦੇ ਆਰਥਿਕ ਪੱਧਰ ਉਪਰ ਬਰਾਬਰ ਨਹੀਂ ਹੋ ਜਾਂਦੀ ਉਦੋਂ ਤੱਕ ਉਹ ਮਰਦ ਦੀ ਗ਼ੁਲਾਮ ਰਹੇਗੀ ਤੇ ਮਰਦ ਦੇ ਬਰਾਬਰ ਅਧਿਕਾਰ ਨਾ ਹੋਣ ਕਾਰਨ ਉਹ ਮਰਦ ਦੇ ਜ਼ੁਲਮ ਦਾ ਸ਼ਿਕਾਰ ਹੁੰਦੀ

ਰਹੇਗੀ। ਨਾਵਲ 'ਅਣਵਿਆਹੀ ਮਾਂ' ਦੀ ਨਾਇਕਾ ਨੂੰ ਅਜਿਹੀ ਔਰਤ ਦੇ ਰੂਪ ਵਿੱਚ ਪੇਸ਼ ਕੀਤਾ ਹੈ ਜਿਹੜੀ ਆਪਣੇ ਮਾਨਸਿਕ ਵਿਅਕਤੀਗਤ ਫ਼ੈਸਲੇ ਕਾਰਨ ਸਾਰੀ ਉਮਰ ਮਰਦ ਪ੍ਰਧਾਨ ਸਮਾਜ ਦੇ ਜ਼ੁਲਮ ਨੂੰ ਸਹਿੰਦੀ ਹੈ। ਭਾਵੇਂਕਿ ਨਾਇਕਾ ਦਾ ਵਿਆਹ ਤੋਂ ਪਹਿਲਾਂ ਬੱਚੇ ਨੂੰ ਜਨਮ ਦੇਣਾ ਸਮਾਜਿਕ ਪ੍ਰਸੰਗ ਵਿੱਚ ਉਚਿਤ ਨਹੀਂ ਹੈ ਪਰੰਤੂ ਇਸ ਡੂੰਘੀ ਘੋਖ ਤੋਂ ਬਾਅਦ ਇਹ ਵਿਚਾਰ ਆਉਂਦਾ ਹੈ ਕਿ ਸਮਕਾਲੀ ਸਮਾਜ ਵਿੱਚ ਵਿਦਮਾਨ ਔਰਤ ਦੀ ਅਵਸਥਾ ਤੇ ਨਾਵਲਕਾਰ ਦੁਆਰਾ ਕੀਤਾ ਉਸਦਾ ਵਿਸ਼ਲੇਸ਼ਣ ਔਰਤ ਦਾ ਅਗਾਂਹਵਧੂ ਕਦਮ ਹੈ। ਇਸ ਤਰ੍ਹਾਂ ਇਹ ਕਦਮ ਆਧੁਨਿਕਤਾ ਦਾ ਪ੍ਰਤੀਕ ਬਣਦਾ ਹੈ। ਆਪਣੇ ਪਹਿਲੇ ਨਾਵਲ ਦੀ ਨਾਇਕਾ ਨੂੰ ਨਾਵਲਕਾਰ ਨੇ ਜਿਨ੍ਹਾਂ ਪਰਿਸਥਿਤੀਆਂ ਵਿੱਚ ਲੰਘਾਇਆ ਹੈ, ਇਹ ਉਸ ਸਮੇਂ ਦੀ ਹੀ ਨਹੀਂ ਅਜੋਕੇ ਸਮੇਂ ਵਿੱਚ ਵੀ ਸੱਚ ਹਨ। ਇਸ ਤਰ੍ਹਾਂ ਨਾਵਲਕਾਰ ਨੇ ਆਪਣੇ ਨਾਵਲਾਂ ਦੁਆਰਾ ਸਮਾਜ ਵਿੱਚ ਔਰਤ ਦੀ ਸਮਾਜਿਕ ਸਥਿਤੀ ਨੂੰ ਸਮਝਕੇ ਉਸਨੂੰ ਸਮਾਜ ਵਿੱਚ ਵਿਦਮਾਨ ਘਿਨਾਉਣੀ ਅਵਸਥਾ ਤੋਂ ਮੁਕਤ ਕਰਨ ਲਈ ਆਪਣੇ ਸਮਾਜ ਨੂੰ ਵੰਗਾਰਿਆਂ ਹੈ। ਉਸਨੇ ਔਰਤ ਦੀ ਸਮਾਜਿਕ ਤੇ ਆਰਥਿਕ ਬਰਾਬਰੀ ਦੀ ਵਕਾਲਤ ਕੀਤੀ ਹੈ ਅਤੇ ਔਰਤ ਨੂੰ ਸਮਾਜ ਨਾਲ ਟੱਕਰ ਲੈਣ ਲਈ ਪ੍ਰੇਰਿਆ ਹੈ। ਤੈਨੂੰ ਮੋਈਆਂ ਰਸਮਾਂ ਦੇ ਹੱਡ ਚੁਣ ਕੇ ਜ਼ਿੰਦਗੀ ਦਾ ਰਾਹ ਸਾਫ਼ ਕਰਨਾ ਹੋਏਗਾ ਤੇ ਜੰਮੇ ਹੋਏ ਵਿਸ਼ਵਾਸਾਂ ਨੂੰ ਪੰਘਰਾ ਕੇ ਨਵੀਂ ਰਵਾਨੀ ਦੇਣੀ ਹੋਏਗੀ। ਤੈਨੂੰ ਪੁਰਾਣੇ ਖੰਡਰ ਢਾਹ ਕੇ ਮਲਬਾ ਹੂੰਝਣਾ ਪਵੇਗਾ। ਤੈਨੂੰ ਖੰਡਰਾਂ ਨਾਲ ਭੂਤਾਂ ਵਾਂਗ ਚੰਬੜੇ ਰਹਿਣ ਵਾਲੀਆਂ ਆਸਾਂ ਤੋਂ ਵਿਰਵੇ ਮਨੁੱਖਾਂ ਦੇ ਝੱਲੇ ਕਹਿਰ ਨਾਲ ਟੱਕਰ ਲੈਣੀ ਪਵੇਗੀ।

ਨਾਵਲ 'ਰੁੱਖਾਂ ਦੀ ਜੀਰਾਂਦ' ਵਿੱਚ ਔਰਤ ਦੇ ਆਂਤਰਿਕ ਮਨ ਦੀ ਪੇਸ਼ਕਾਰੀ ਬਾਕਮਾਲ ਦੀ ਹੈ। ਇਸ ਨਾਵਲ ਵਿੱਚ ਔਰਤ ਮਨ ਦੀ ਵਾਸਤਵਿਕ ਸਚਾਈ ਨੂੰ ਪੇਸ਼ ਕੀਤਾ ਗਿਆ ਹੈ। ਪਾਰੋ ਦੇ ਬਹੁਤ ਮਨ ਕਰਦਾ ਹੈ ਕਿ ਉਹ ਵੇਸਵਾ ਦੇ ਜਹਾਲਤ ਭਰੇ ਜੀਵਨ ਵਿੱਚੋਂ ਨਿਕਲ ਕੇ ਇੱਕ ਸਦੀਵੀ ਮਰਦ ਨਾਲ ਆਪਣੇ ਜੀਵਨ ਬਤੀਤ ਕਰੇ। ਜਦੋਂ ਉਸਨੂੰ ਅਜਿਹਾ ਜੀਵਨ ਮਿਲਦਾ ਹੈ ਤਾਂ ਉਹ ਸੋਚਦੀ ਹੈ ਕਿ ਉਹ ਮਰਦ ਦੇ ਜੀਵਨ-ਪੰਧ ਨੂੰ ਰੁਸ਼ਨਾ ਦੇਵੇਗੀ। ਉਸ ਅਨੁਸਾਰ ਮਰਦ ਨੇ ਤਾਂ ਕੇਵਲ ਔਰਤ ਦੇ ਕੁਝ ਰਵਾਇਤੀ ਅੰਗਾਂ ਦੀ ਭਾਲ ਹੀ ਕੀਤੀ ਹੈ ਪਰੰਤੂ ਮੈਂ ਉਸਨੂੰ ਦੱਸਾਂਗੀ ਕਿ ਔਰਤ ਕੇਵਲ ਭੋਗਣ ਦੀ ਵਸਤੂ ਨਹੀਂ ਹੈ ਇਹ ਤਾਂ "ਧਰਤੀ ਮਾਤਾ ਦਾ ਜਿਉਂਦਾ ਮੁਜੱਸਮਾ ਹੈ।"[19] ਇਸ ਨਾਵਲ ਵਿੱਚ ਪਾਰੋ ਤੇ ਐਡੀਸਨ ਰਾਹੀਂ ਆਦਰਸ਼ ਪਿਆਰ ਦੀ ਮਿਸਾਲ ਵੀ ਪੇਸ਼ ਕੀਤੀ ਗਈ ਹੈ।

ਔਰਤ ਕੇਵਲ ਰਾਤ ਦਿਨ ਕੰਮ ਕਰਨ ਵਾਲੀ ਮਸ਼ੀਨ ਨਹੀਂ ਸਗੋਂ ਪਤੀ ਨਾਲ ਸੂਖ਼ਮ-ਪਿਆਰ-ਜ਼ਜਬਾਤਾਂ ਨੂੰ ਹੰਢਾਉਣ ਦੀ ਤਾਂਘ ਵੀ ਰੱਖਦੀ ਹੈ। ਨਾਵਲ ਵਿੱਚ ਮੱਧ-ਵਰਗ ਦੀ ਔਰਤ ਦੀਆਂ ਭਾਵੁਕ ਭਾਵਨਾਵਾਂ ਦਾ ਚਿੱਤਰ ਬੜੇ ਮਾਰਮਿਕ ਢੰਗ ਨਾਲ ਕੀਤਾ ਗਿਆ ਹੈ। ਰਾਇ ਬਹਾਦਰ ਦੀ ਪਤਨੀ ਜਿਹੜੀ ਪਤੀ ਪਿਆਰ ਤੋਂ ਸੱਖਣੀ ਹੈ ਇੱਕ ਧੀ ਦੀ ਮੰਗ ਕਰਦੀ ਹੈ। ਉਹ ਆਪਣੀ ਧੀ ਰਾਹੀਂ ਆਪਣੀ ਇਕੱਲਤਾ ਭਰੀ ਜ਼ਿੰਦਗੀ ਵਿੱਚ ਰੰਗ ਭਰਨਾ ਸ਼ੁਰੂ ਕਰਦੀ ਹੈ ਤੇ ਆਪਣੀਆਂ ਉਮੰਗਾਂ ਨੂੰ ਉਸ ਨਾਲ ਸਾਂਝਾ ਕਰਦੀ ਹੈ। ਪਤੀ ਪਿਆਰ ਤੋਂ ਵਾਂਝੀ ਸਵਿਤਰੀ ਆਪਣੀ ਪਿਆਰ ਭਾਵਨਾ ਨੂੰ ਇਸ ਤਰ੍ਹਾਂ ਵਿਅਕਤ ਕਰਦੀ ਹੈ, "ਇਹਦੀਆਂ ਬੁੱਲ੍ਹੀਆਂ ਅਜੇ ਮੇਰੀਆਂ ਹੀ ਬੁੱਲ੍ਹੀਆਂ ਨੇ, ਮੈਂ ਬਹਾਨਾ ਪਾ ਮੁਦਤਾਂ ਬਾਅਦ ਅਜ ਤੁਹਾਡੇ ਬੁੱਲਾਂ ਦੀ ਛੁਹ ਪਾ ਲਈ।"[20] ਇਸ ਤਰ੍ਹਾਂ ਪਿਆਰ-ਭੁੱਖੀ ਇਨਸਾਨੀ ਰੂਹ ਪਤੀ-ਪਿਆਰ ਦੀ ਕਮੀ ਵਿੱਚ ਕਦੇ ਵੀ ਪ੍ਰਫੁੱਲਤ ਜੀਵਨ ਨਹੀਂ ਜੀ ਸਕਦੀ ਹੈ।

ਨਾਵਲ ਵਿੱਚ ਪੇਸ਼ ਔਰਤ ਨੂੰ ਚਰਿੱਤਰਹੀਨਤਾ ਤੋਂ ਦੂਰ ਰੱਖਿਆ ਗਿਆ ਹੈ। ਜਿਹੜੀ ਔਰਤ ਜਿਹੜੀ ਕਿਸੇ ਲਈ ਕੁਰਬਾਨੀ ਹਿੱਤ ਆਪਣੇ ਸਾਰੇ ਜੀਵਨ ਨੂੰ ਹਨੇਰੇ ਨਾਲ ਭਰ ਕੇ ਸਮਾਜ ਨਾਲ ਟੱਕਰ ਲੈਂਦੀ ਹੋਈ ਸਮਾਜਿਕ ਭਾਈਚਾਰੇ ਉਤੇ ਚੋਟ ਕਰਦੀ ਅਜਿਹੀ ਔਰਤ ਚਰਿੱਤਰਹੀਨ ਨਹੀਂ ਹੋ ਸਕਦੀ ਹੈ। ਇਸ ਤੋਂ ਇਲਾਵਾ ਪੱਛਮੀ ਸਭਿਅਤਾ ਤੋਂ ਪ੍ਰਭਾਵਿਤ ਹੋ ਕੇ ਨਾਵਲਾਂ ਵਿੱਚ ਕਾਮ-ਵਾਸ਼ਨਾ ਪ੍ਰਤੀ ਨਵੀਆਂ ਕੀਮਤਾਂ ਪੇਸ਼ ਹੋਈਆਂ ਹਨ। ਸਮਝਿਆ ਜਾਂਦਾ ਹੈ ਕਿ ਜੇਕਰ ਕੋਈ ਔਰਤ ਸਾਰੀ ਉਮਰ ਪਰੰਪਰਕ ਸਦਾਚਾਰਕ ਕੀਮਤਾਂ ਨੂੰ ਪਾਲਦੀ ਹੋਈ ਆਪਣੀ ਜ਼ਿੰਦਗੀ ਬਸਰ ਕਰਦੀ ਹੈ ਤੇ ਆਪਣੀਆਂ ਭਾਵਨਾਵਾਂ ਤੇ ਵਿਅਕਤੀਗਤ ਫੈਸਲਿਆਂ ਨੂੰ ਹਮੇਸ਼ਾਂ ਕਤਲ ਕਰਦੀ ਰਹਿੰਦੀ ਹੈ ਅਜਿਹੀ ਔਰਤ ਸਰਾਫ਼ਤ ਦੀ ਮੂਰਤ ਹੁੰਦੀ ਹੈ ਤੇ ਜਿਹੜੀ ਔਰਤ ਆਪਣੇ ਮਨ ਅਨੁਸਾਰ ਫੈਸਲਾ ਕਰਕੇ ਰੂੜੀਗਤ ਕੀਮਤਾਂ ਨੂੰ ਝੁਠਲਾਉਂਦੀ ਹੈ ਉਸਨੂੰ ਸਾਰੀ ਉਮਰ ਇਸ ਕੀਤੀ ਗਲਤੀ ਦਾ ਖ਼ਮਿਆਜ਼ਾ ਭੁਗਤਣਾ ਪੈਂਦਾ ਹੈ। ਇਹ ਸਮਾਜਿਕ ਕੀਮਤਾਂ ਹੀ ਨਿਰਦੋਸ਼ ਪ੍ਰਭਾ ਨੂੰ ਅਜਿਹਾ ਜੀਵਨ ਜੀਣ ਲਈ ਮਜ਼ਬੂਰ ਕਰਦੀਆਂ ਹਨ। ਇਸ ਤਰ੍ਹਾਂ ਵਿਅਕਤੀਗਤ ਇੱਛਾ ਤੇ ਪਰੰਪਰਕ ਸਦਾਚਾਰਕ ਕੀਮਤਾਂ ਵਿੱਚ ਟਾਕਰਾ ਕਰਵਾਕੇ ਪੁਰਾਣੀਆਂ ਕੀਮਤਾਂ ਨੂੰ ਅਪ੍ਰਵਾਨਗੀ ਦਿੱਤੀ ਗਈ ਹੈ।

ਮਰਦ-ਪ੍ਰਧਾਨ ਸਮਾਜ ਵਿੱਚ ਔਰਤ ਨੂੰ ਬਰਾਬਰੀ ਦਾ ਦਰਜਾ ਨਾ ਦੇ ਕੇ ਉਸਨੂੰ ਕੇਵਲ ਇੱਕ ਜਾਇਦਾਦ ਮਾਤਰ ਸਮਝਿਆ ਜਾਂਦਾ ਹੈ। ਜਦੋਂ ਤੱਕ ਔਰਤ ਮਰਦ ਦੇ ਆਰਥਿਕ ਤੌਰ ਤੇ ਬਰਾਬਰ ਨਹੀਂ ਹੋ ਜਾਂਦੀ ਉਦੋਂ ਤੱਕ ਉਸਨੂੰ ਮਰਦ ਦੇ ਜ਼ੁਲਮ ਦਾ ਸ਼ਿਕਾਰ ਹੋਣਾ ਹੀ ਪਵੇਗਾ। ਆਰਥਿਕ ਕਮਜ਼ੋਰੀ ਹੀ ਔਰਤ ਨੂੰ ਵੇਸਵਾ ਵਰਗਾ ਅਤਿ ਘਿਨਾਉਣਾ ਜੀਵਨ ਜੀਣ ਲਈ ਮਜ਼ਬੂਰ ਹੋਣਾ ਪੈਂਦਾ ਹੈ। ਸਮਾਜ ਦੇ ਪਤਵੰਤੇ ਕਹੇ ਜਾਣ ਵਾਲੇ ਚੌਧਰੀ ਮਾਸੂਮ ਬਾਲੜੀਆਂ ਨੂੰ ਇਹ ਧੰਦਾ ਕਰਨ ਲਈ ਜ਼ਬਰਦਸਤੀ ਚੁੱਕ ਲਿਆਉਂਦੇ ਹਨ ਤੇ ਉਹਨਾਂ ਦੀ ਕਮਾਈ ਉਤੇ ਸਾਰੀ ਉਮਰ ਐਸ਼ ਕਰਦੇ ਹੋਏ ਕਹਿੰਦੇ ਹਨ ਕਿ ਇਹ """ਤੁਸੀਂ ਜਾਣਦੇ ਹੋ, ਕਿੰਨੇ ਖ਼ਰਚ ਤੇ ਕਿੰਨੀਆਂ ਮੁਸ਼ਕਲਾਂ ਨਾਲ ਅਸੀਂ ਇਕ ਚੰਗੀ ਔਰਤ ਨੂੰ ਪੇਸ਼ੇ ਦੇ ਲਾਇਕ ਬਣਾਂਦੇ ਹਾਂ। ਕਿਸੇ ਤਰ੍ਹਾਂ ਬਾਲੜੀਆਂ ਹੀ ਕਿਧਰੋਂ ਸਾਨੂੰ ਮਿਲ ਜਾਂਦੀਆਂ ਨੇ। ਅੱਠ ਅੱਠ ਸਾਲ ਉਹਨਾਂ ਨੂੰ ਘਰ ਰਖ ਕੇ ਨਾਜ਼ਾਂ ਨਾਲ ਪਾਲਦੇ ਹਾਂ, ਪੜ੍ਹਾਂਦੇ ਹਾਂ, ਤੇ ਜਿਹੜੀ ਸਿਖ ਸਕੇ ਉਹਨੂੰ ਗਾਣਾ ਵੀ ਸਿਖਾਂਦੇ ਹਾਂ, ਬੜੀਆਂ ਰੀਝਾਂ ਉਮੈਦਾਂ ਨਾਲ ਉਹਨੂੰ ਜਵਾਨ ਕਰਦੇ ਹਾਂ, ਤਾਂ ਕਿ ਕਿਤੇ ਕਿਸੇ ਰਾਂਗਲੇ ਸਰਦਾਰ ਨਾਵਬਜ਼ਾਦੇ ਕੋਲੋਂ ਉਹਦੀ ਸਰਫ਼ਰਾਜੀ ਲਈ ਪੰਜ ਸੌ, ਹਜ਼ਾਰ ਲੈਂਦੇ ਹਾਂ, ਤੇ ਬਾਅਦ ਵਿਚ ਚੁਬਾਰੇ ਬਿਠਾ ਕੇ ਦਸ ਵਰ੍ਹੇ ਆਮਦਨ ਦਾ ਮੂੰਹ ਵੇਖਦੇ ਹਾਂ, ਜਵਾਨ ਸੋਹਣੀ ਔਰਤ ਸਾਡੀ ਜਾਇਦਾਦ ਹੁੰਦੀ ਏ। ਅਸੀਂ ਮਕਾਨ ਨਹੀਂ ਬਣਾਂਦੇ, ਜ਼ਮੀਨ ਨਹੀਂ

ਖ਼ਰੀਦਦੇ।"[21] ਇਸ ਤਰ੍ਹਾਂ ਸਮਾਜ ਵਿੱਚ ਔਰਤ ਨੂੰ ਸਿਰਫ਼ ਇੱਕ ਜਾਇਦਾਦ ਸਮਝ ਕੇ ਪਾਲਿਆ ਦੇ ਵੇਚਿਆ ਜਾਂਦਾ ਹੈ।

ਮੂਲ ਰੂਪ ਵਿੱਚ "ਇਨ੍ਹਾਂ ਨਾਵਲਾਂ ਦਾ ਸਭ ਤੋਂ ਮਹੱਤਵਪੂਰਣ ਪੱਖ ਔਰਤ ਨੂੰ ਮਨੁੱਖੀ ਰੂਪ ਵਿਚ ਸਿਰਜਣਾ ਹੈ। ਲੇਖਕ ਬਹੁਤ ਥਾਈਂ ਔਰਤ ਪਾਤਰਾਂ ਰਾਹੀਂ ਔਰਤ ਦੀ ਮਾਨਸਿਕ ਸਥਿਤੀ ਦੀ ਸਿਰਜਣਾ ਰਾਹੀਂ, ਔਰਤ ਦੀ ਵਿਸ਼ਾਲਤਾ, ਔਰਤ ਦਾ ਮਾਨਸਿਕ ਦਵੰਦ, ਔਰਤ ਦੀ ਸਮਾਜ ਵਿਚ ਦੂਜੈਲੀ ਸਥਿਤੀ ਆਦਿ ਨੂੰ ਸਿਰਜਦਾ ਹੈ। ਸਮਾਜ ਵਿਚ ਔਰਤ ਦੀ ਦੂਜੈਲੀ ਸਥਿਤੀ ਨੂੰ ਪਹਿਲਾਂ ਪਾਰੋ ਦੇ ਗੁੰਮਣ ਸਮੇਂ ਹੀ ਪ੍ਰਗਟਾਇਆ ਗਿਆ ਹੈ। ਪਾਰੋ ਦੀ ਮਾਂ ਪੁੱਤਰ ਪ੍ਰਾਪਤੀ ਦੇ ਯਤਨਾਂ ਵਿਚ ਪਾਰੋ ਨੂੰ ਗੁਆ ਲੈਂਦੀ ਹੈ। ਇਸ ਪ੍ਰਕਾਰ ਹੀ ਪਲੱਟੀਅਰ ਗੁਰਮੁਖ ਤੇ ਬੋਸ ਪੈਸੇ ਤੇ ਗੁੰਡਾਗਰਦੀ ਦੇ ਜ਼ੋਰ ਰਾਹੀਂ ਹਰ ਔਰਤ ਨੂੰ ਕਾਮ ਦੀ ਵਸਤੂ ਹੀ ਸਮਝਦੇ ਹਨ। ਔਰਤ ਦੇ ਮਨੁੱਖੀਪਣ ਨੂੰ ਉਸ ਦੀ ਸੰਪੂਰਨਤਾ ਦੀ ਝਲਕ ਰਾਹੀਂ ਕਈ ਪਾਤਰਾਂ ਰਾਹੀਂ ਪ੍ਰਗਟਾਇਆ ਗਿਆ ਹੈ। ਵੇਸ਼ਵਾ ਦੇ ਅੱਡੇ ਉੱਤੇ ਵੱਡੀ ਵੇਸ਼ਵਾ ਚੌਧਰਨੀ ਪਾਰੋ ਦੇ ਜ਼ਿੰਦਗੀ ਵਿਚ ਪਰਤ ਜਾਣ ਤੇ ਬੇਹੱਦ ਖੁਸ਼ ਹੈ। ਉਹ ਚੌਧਰੀ ਨਾਲ ਅੰਦਰੋਂ ਨਾ ਖੁਸ਼ ਹੈ। ਲੰਮੇ ਵੇਸ਼ਵਾ ਜੀਵਨ ਦੇ ਬਾਵਜੂਦ ਵੀ ਉਸ ਵਿਚੋਂ ਮਨੁੱਖਤਾ ਖਤਮ ਨਹੀਂ ਹੋਈ। ਇਸ ਪ੍ਰਕਾਰ ਹੀ ਰਾਏ ਬਹਾਦਰ ਦੀ ਪਤਨੀ ਸਵਿਤਰੀ ਦਾ ਪਾਰੋ ਪ੍ਰਤੀ ਪਿਆਰ ਪੁੱਤਰਾਂ ਦੇ ਹੁੰਦੇ ਧੀ ਦੀ ਤਾਂਘ, ਧੀ ਰਚਨਾ ਨੂੰ ਖੁਲ੍ਹੇ ਵਾਤਾਵਰਣ ਵਿਚ ਪਾਲਣਾ ਤੇ ਉਸ ਦਾ ਦਿਲਦਾਰ ਨਾਲ ਪ੍ਰੇਮ-ਵਿਆਹ ਚਾਹੁਣਾ ਆਦਿ ਉਸ ਦੇ ਮਾਤ੍ਰੀ ਪਿਆਰ ਤੇ ਔਰਤ ਦੇ ਪਿਆਰ ਦੀਆਂ ਅਸੀਮ ਸੰਭਾਵਨਾਵਾਂ ਦਾ ਸੂਚਕ ਹੈ। ਰਾਏ ਬਹਾਦਰ ਦੀ ਪਤਨੀ ਸਵਿਤਰੀ, ਚੌਧਰੀ ਦੀ ਘਰਵਾਲੀ ਵੇਸ਼ਵਾ ਤੇ ਪਾਰੋ ਇਸ ਨਾਵਲ ਦੀ ਮਹੱਤਵਪੂਰਣ ਪਾਤਰ ਹਨ ਜੋ ਇਸਤਰੀ ਦੇ ਮਨੁੱਖੀਪਣ ਦੀਆਂ ਅਸੀਮ ਸੰਭਾਵਨਾਵਾਂ ਨੂੰ ਵਾਸਤਵਿਕ ਰੂਪ ਵਿਚ ਪ੍ਰਗਟਾਉਂਦੀਆਂ ਹਨ।"[22]

ਨਾਵਲਾਂ ਵਿੱਚ ਹਿੰਦਸਤਾਨੀ ਔਰਤਾਂ ਵੱਲ ਅੰਗਰੇਜ਼ਾਂ ਦੇ ਨਜ਼ਰੀਆਂ ਨੂੰ ਵਿਸ਼ਾ ਬਣਾਇਆ ਗਿਆ ਹੈ। ਅੰਗਰੇਜ਼ ਹਿੰਦੁਸਤਾਨੀ ਔਰਤ ਨੂੰ ਵਧੇਰੇ ਤਰਜੀਹ ਦਿੰਦੇ ਹਨ ਅਤੇ ਕਈ ਵਾਰ ਹਿੰਦੁਸਤਾਨੀ ਔਰਤ ਲਈ ਅੰਗਰੇਜ਼ ਮੁਕੱਦਮਿਆਂ ਦਾ ਫੈਸਲਾ ਵੀ ਪੱਖ-ਪਾਤੀ ਰਵੱਈਏ ਨਾਲ ਕਰਦੇ ਹਨ। ਜਿਥੇ ਅੰਗਰੇਜ਼ ਔਰਤਾਂ ਨੂੰ ਪਸੰਦ ਕਰਦੇ ਹਨ ਉਥੇ ਹੀ ਇਹ ਹਿੰਦੁਸਤਾਨੀ ਮਰਦਾਂ ਨਾਲ ਬੜਾ ਰਹਿਮੀ ਨਾਲ ਪੇਸ਼ ਆਉਂਦੇ ਹਨ।

ਨਾਵਲਾਂ ਵਿੱਚ ਕੀਤੇ ਹੋਏ ਪ੍ਰੇਮ-ਪ੍ਰਯੋਗ ਸਾਡੀ ਸਭਿਅਤਾ ਵਿੱਚ ਬੜੇ ਅਧੂਰੇ ਤੇ ਅਸਪੱਸ਼ਟ ਜਾਪਦੇ ਹਨ। ਇਹਨਾਂ ਵਿੱਚ ਜਿਥੇ ਆਦਰਸ਼ਕ ਸਦੀਵਤਾ ਵਧੇਰੇ ਤੇ ਜੀਵਨ ਉਪਯੋਗਤਾ ਘੱਟ ਪੇਸ਼ ਕੀਤੀ ਗਈ ਹੈ ਉਥੇ ਸਰੀਰਕ ਵਿਆਖਿਆ ਵੱਧ ਤੇ ਯਥਾਰਥਕ ਸਪੱਸ਼ਟਤਾ ਧੁੰਦਲੀ ਹੈ। ਮਰਦ ਦੀ ਬੇਵਫ਼ਾ ਦਾ ਸ਼ਿਕਾਰ ਹੋਈ ਕੁੰਦਨ ਦਿਲਦਾਰ ਨਾਲ ਭੈਣ ਦੇ ਰਿਸ਼ਤੇ ਵਿੱਚ ਬੱਝ ਜਾਂਦੀ ਹੈ। ਉਹ ਦਿਲਦਾਰ ਨਾਲ ਹੱਥ ਫੜ ਕੇ ਤੁਰਦੀ ਹੈ, ਉਸਦਾ ਹੱਥ ਉਸ ਸਮਾਜ ਵਿੱਚ ਚੁੰਮਦੀ ਹੈ ਜਿਥੇ ਭੈਣ ਨੂੰ 'ਪਿਆਰੀ ਭੈਣ' ਕਹਿਣਾ ਵੀ ਪਾਪ ਬਰਾਬਰ ਹੈ। ਭਾਰਤੀ ਸਭਿਆਚਾਰ ਵਿੱਚ ਭੈਣ ਭਰਾ ਹੱਥ ਵਿੱਚ ਹੱਥ ਫੜ ਕੇ ਨਹੀਂ ਤੁਰ ਸਕਦੇ ਤੇ ਨਾ ਹੀ ਕਮਰ ਦੁਆਲੇ ਬਾਂਹ ਪਾ ਕੇ ਇਕੱਠੇ ਵਿਚਰ ਸਕਦੇ ਹਨ ਪਰੰਤੂ ਨਾਵਲਕਾਰ ਵਿਅਕਤੀ-ਹਿਤ ਅਤੇ ਵਿਅਕਤੀ-ਵਿਕਾਸ ਦੀ ਗੱਲ ਕਰਦਾ ਹੈ ਤੇ ਇਸ ਤਰ੍ਹਾਂ ਉਹ ਨਵੀਆਂ ਕੀਮਤਾਂ ਤੇ ਨਵੇਂ ਸਭਿਆਚਾਰ ਨੂੰ ਉਸਾਰਦਾ ਹੈ। ਇਸ ਲਈ ਇਸ ਨਾਵਲ ਵਿੱਚ ਭੈਣ ਭਰਾ ਦੇ ਪਰਸਪਰ ਰਿਸ਼ਤੇ ਨੂੰ ਅਤੇ ਪਰਸਪਰ ਪਿਆਰ ਭਾਵਨਾ ਨੂੰ ਨਵੇਂ ਦ੍ਰਿਸ਼ਟੀਕੋਣ ਤੋਂ ਪਰਿਭਾਸ਼ਿਤ ਕੀਤਾ ਹੈ।

ਨਾਵਲ ਅਣ-ਯਥਾਰਥਕ ਪਰਿਸਥਿਤੀਆਂ ਨਾਲ ਭਰਪੂਰ ਹਨ ਅਤੇ ਮੌਕਾ-ਮੇਲ ਰਾਹੀਂ ਇਹਨਾਂ ਨੂੰ ਪੂਰਿਆ ਗਿਆ ਹੈ। ਜਿਵੇਂ ਪ੍ਰਭਾ ਦਾ ਪਾਤਰ ਅਤੇ ਜੀਵਨ-ਸੰਘਰਸ਼ ਦੀ ਵਾਸਤਵਿਕ ਜੀਵਨ ਵਿੱਚ ਕੋਈ ਮਿਸਾਲ ਨਹੀਂ ਮਿਲਦੀ ਹੈ ਅਤੇ ਪੁਲਿਸ ਦਾ ਇੱਕ ਸਜ਼ਾਯਾਫ਼ਤਾ ਕੈਦੀ ਨਾਲ ਹਮਦਰਦੀ ਭਰਿਆ ਵਿਵਹਾਰ ਤੇ ਉਸ ਤੇ ਪ੍ਰਭਾ ਦੇ ਰਾਤ ਇਕੱਠੇ ਰਹਿਣ ਲਈ ਕਮਰੇ ਦਾ ਪ੍ਰਬੰਧ ਕਰਨਾ ਤੇ ਪੁਲਿਸ ਕਰਮਚਾਰੀਆਂ ਦੀ ਮਨੁੱਖੀ ਭਾਵਨਾਵਾਂ ਨੂੰ ਸਮਝਣ ਤੇ ਇਹਨਾਂ ਦੀ ਕਦਰ ਕਰਨੀ ਆਮ ਯਥਾਰਥ ਤੋਂ ਬਾਹਰੀ ਗੱਲ ਹੈ ਪਰੰਤੂ ਇਨਸਾਨੀ ਇਖ਼ਲਾਕੀ ਆਚਰਣ ਨੂੰ ਨਿਵੇਕਲੇ ਪ੍ਰਸੰਗ ਵਿੱਚ ਰੱਖਕੇ ਇਖ਼ਲਾਕ ਜਾਂ ਸਦਾਚਾਰ ਦੀ ਸਹੀ ਪਰਿਭਾਸ਼ਾ ਦੇਣ ਦਾ ਯਤਨ ਕੀਤਾ ਹੈ। ਇਸ ਤਰ੍ਹਾਂ ਨਵ-ਸਭਿਆਚਾਰਕ ਕਦਰਾਂ-ਕੀਮਤਾਂ ਦੀ ਉਸਾਰੀ ਕੀਤੀ ਹੈ।

ਨਾਵਲਾਂ ਵਿੱਚ ਮਾਨਸਿਕ ਭਾਵਨਾਵਾਂ ਅਨੁਸਾਰ ਪ੍ਰਾਕਿਰਤਕ ਚਿਤਰਣ ਕੀਤਾ ਗਿਆ ਹੈ। ਥਾਂ-ਥਾਂ ਪਾਤਰਾਂ ਦੀਆਂ ਮਾਨਸਿਕ ਭਾਵਨਾਵਾਂ ਦਾ ਪ੍ਰਾਕਿਰਤਕ ਨਜ਼ਾਰਿਆਂ ਨਾਲ ਮੇਲ ਕੀਤਾ ਗਿਆ ਹੈ। ਇਸ ਤੋਂ ਇਲਾਵਾ ਰੁਮਾਂਟਿਕ ਪ੍ਰੀਤ ਮਿਲਣੀਆਂ ਰਾਹੀਂ ਮਨੁੱਖੀ ਭਾਵਨਾਵਾਂ ਨੂੰ ਪੇਸ਼ ਕੀਤਾ ਗਿਆ ਹੈ। "ਪਹਿਲਾਂ ਪਾਲ ਨੇ ਪਾਰੋ ਨੂੰ ਸੋਫੇ ਉਤੇ ਬਿਠਾਇਆ, ਤੇ ਆਪ ਉਹਦੇ ਨਾਲ ਹੋ ਕੇ ਬਹਿ ਗਿਆ ਸੀ, ਪਰ ਏਸ ਵਾਰੀ ਪਾਰੋ ਨੇ ਉਹਦੇ ਲੱਕ ਦੁਆਲੇ ਬਾਂਹ ਪਾ ਕੇ ਉਹਨੂੰ ਸੋਫ਼ੇ ਉਤੇ ਬਿਠਾਇਆ ਤੇ ਉਹਦੇ ਨਾਲ ਲਗ ਕੇ ਬਹਿ ਗਈ।"[23]

ਇਹਨਾਂ ਨਾਵਲਾਂ ਦੀ ਭਾਸ਼ਾ ਸ਼ਹਿਰੀ ਮੱਧ-ਸ਼੍ਰੇਣੀ ਦੀ ਭਾਸ਼ਾ ਹੈ। ਇਹ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਬੋਲੀ ਪਹਿਲੀ ਵਾਰ ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੀ ਛੁਹ ਪਾਕੇ ਸਾਹਿਤਕ ਪ੍ਰਗਟਾਵੇ ਲਈ ਟਕਸਾਲੀ ਰੂਪ ਧਾਰਦੀ ਹੈ। ਉਸਨੇ ਲਿਖਤ ਭਾਸ਼ਾ ਦੇ ਮੌਖਿਕ ਭਾਸ਼ਾ ਵਿੱਚ ਸੰਤੁਲਨ ਲਿਆਂਦਾ ਹੈ। ਨਾਵਲਾਂ ਵਿੱਚ ਵਰਤੀ ਬੋਲੀ ਆਮ ਸਾਧਾਰਨ ਜੀਵਨ ਦੇ ਨੇੜੇ ਹੈ। ਇਸ ਤਰ੍ਹਾਂ ਲੱਗਦਾ ਹੈ ਕਿ ਸੁਹਜਵਾਦੀ ਨਾਵਲਕਾਰ ਸ਼ਬਦਾਂ ਵਿੱਚੋਂ ਵੀ ਸੁਹਜ ਭਾਲਦਾ ਹੋਇਆ ਸ਼ਿੰਗਾਰੀ ਰਸੀਲੀ ਤੇ ਰੁਮਕਵੀਂ ਭਾਸ਼ਾ ਨੂੰ ਚਿਤਰਦਾ ਹੈ। ਉਸਨੂੰ ਵੀ ਸ਼ਬਦਾਂ ਦਾ ਠਰਕ ਹੈ ਭਾਵ ਸ਼ਬਦ ਚੋਣ ਨਾਲ ਉਸਦਾ ਭਾਵ ਵਿਰੇਚਨ ਹੁੰਦਾ ਹੈ। "ਸੋਹਣੇ ਸ਼ਬਦਾਂ ਦਾ ਮੈਨੂੰ ਠਰਕ ਹੈ, ਉਹਨਾਂ ਸ਼ਬਦਾਂ ਦਾ ਜਿਹੜੇ ਸਾਦੇ ਤੇ ਲਯ-ਭਰੇ ਹੋਣ। ਗਹਿਣਿਆਂ ਤੋਂ ਮੈਂ ਸਦਾ ਸ਼ਾਕੀ ਰਹਿਆ ਹਾਂ। ਇਸਤ੍ਰੀ ਮੈਨੂੰ ਬੜੀ ਪਿਆਰੀ ਹੈ, ਪਰ ਗਹਿਣਿਆਂ ਵਾਲੀ ਇਸਤ੍ਰੀ ਮੇਰੀ ਰੂਹ ਨੂੰ ਥਰਕਾਂਦੀ ਨਹੀਂ। ਉਸੇ ਤਰ੍ਹਾਂ ਹੀ ਉਹੀ ਸ਼ਬਦ ਮੇਰਾ ਦਿਲ ਹਲੂਣਦੇ ਹਨ ਜਿਨ੍ਹਾਂ ਉੱਤੇ ਵਿਦਵਤਾ ਦਾ ਸੁਨਿਹਰੀ ਭਾਰ ਨਾ ਹੋਵੇ, ਜਿਹੜੇ ਸਿਰਫ਼ ਪਿਆਰ-ਮੋਹੇ ਦਿਲ ਦੀ ਸਿਸਕਣੀ ਜਾਂ ਉਹਦਾ ਵਿਸਮਾਦ ਹੋਣ। ਇਹੋ ਜਿਹੇ ਸ਼ਬਦਾਂ ਸੰਬੰਧੀ ਮੈਨੂੰ ਕੋਈ ਨਸਲੀ ਜਾਂ ਮੁਲਕੀ ਤਅਸਬ ਵੀ ਨਹੀਂ। ਜਿਹੜਾ ਵੀ

ਸ਼ਬਦ ਮੇਰੇ ਦਿਲ ਦੀ ਕਿਸੇ ਲਟਕ, ਕਿਸੇ ਹਰਕਤ ਜਾਂ ਕਿਸੇ ਇਹਦੇ ਅਰਮਾਨ ਦਾ ਨਿਰੂਪਣ ਕਰ ਸਕਦਾ ਹੈ, ਉਹਦਾ ਰਿਣ ਮੈਂ ਪ੍ਰਵਾਣ ਕਰਦਾ ਹਾਂ।"[24] ਗੁਰਬਖ਼ਸ਼ ਸਿੰਘ ਪ੍ਰੀਤਲੜੀ ਉਸੇ ਸ਼ਬਦ ਨੂੰ ਆਪਣੇ ਵਿਚਾਰਾਂ ਨੂੰ ਪੇਸ਼ ਕਰਨ ਲਈ ਚੁਣਦਾ ਹੈ ਜਿਹੜਾ ਉਸ ਦੇ ਦਿਲ ਨੂੰ ਛੂਹ ਲਵੇ ਤੇ ਵਿਚਾਰ ਦੇ ਭਾਵ-ਸੰਚਾਰ ਨੂੰ ਪੇਸ਼ ਕਰ ਸਕੇ। ਉਹ ਹਰ ਸ਼ਬਦ ਨੂੰ ਪਰਖ ਦੀ ਕਸਵੱਟੀ 'ਤੇ ਪਰਖ ਲੈਣ ਬਾਅਦ ਅਪਣਾਉਂਦਾ ਹੈ। ਉਹ ਪ੍ਰਭਾ ਦੀ ਆਉਣ ਵਾਲੀ ਜ਼ਿੰਦਗੀ ਨੂੰ ਸੰਧਿਆ ਦੇ ਨਾਂ ਨਾਲ ਸੰਬੋਧਨ ਕਰਦਾ ਹੈ, "ਦਿਨ ਦੀ ਪ੍ਰਭਾਤ। ਪ੍ਰਭਾ ਦੀ ਸੰਧਿਆ। ਸੂਰਜ ਦੀਆਂ ਕਿਰਨਾਂ। ਚਿਤਰੰਜਨ ਦੀ ਦੀ ਮੱਸਿਆ।"[25]

ਸਮੁੱਚੇ ਰੂਪ ਵਿੱਚ ਕਿਹਾ ਜਾ ਸਕਦਾ ਹੈ ਕਿ ਇਹਨਾਂ ਨਾਵਲਾਂ ਵਿੱਚ ਪ੍ਰੀਤ ਦੇ ਸੰਕਲਪ ਨੂੰ ਮਨੁੱਖੀ ਗੌਰਵ ਅਤੇ ਰੂਹਾਨੀ ਮੁਕਤੀ ਦਾ ਪ੍ਰਤੀਕ ਬਣਾ ਕੇ ਪੇਸ਼ ਕੀਤਾ ਗਿਆ ਹੈ। ਇਹ ਪ੍ਰੀਤ ਫਲਸਫਾ ਅਸਲ ਵਿੱਚ ਨਵੀਨਤਾ ਦਾ ਪਰੰਪਰਾ ਨਾਲ ਅਤੇ ਭਵਿੱਖ ਦਾ ਅਤੀਤ ਨਾਲ ਰਚਾਇਆ ਵਿਚਾਰਧਾਰਾਈ ਸੰਵਾਦ ਹੈ ਜਿਹੜਾ ਮਨੁੱਖੀ ਰਿਸ਼ਤਿਆਂ ਨੂੰ ਵਿਗਸਣ ਅਤੇ ਮੌਲਣ ਲਈ ਨਵੀਂ ਜ਼ਮੀਨ ਪ੍ਰਦਾਨ ਕਰਦਾ ਹੈ। ਉਸ ਸਮੇਂ ਦੀਆਂ ਸਮਾਜਿਕ ਕਦਰਾਂ-ਕੀਮਤਾਂ, ਕੁਦਰਤੀ ਤੌਰ 'ਤੇ ਧਰਮ ਦੇ ਅੰਧ-ਵਿਸ਼ਵਾਸੀ ਸੰਕਲਪਾਂ, ਛੂਤ-ਛਾਤ, ਵਹਿਮ-ਭਰਮ, ਤਕਦੀਰ ਅਤੇ ਇਸਤਰੀ-ਮਰਦ ਦੇ ਸੰਬੰਧਾਂ ਬਾਰੇ ਸੰਕੀਰਣ ਜਿਹੇ ਵਿਚਾਰਾਂ ਦੁਆਲੇ ਹੀ ਘੁੰਮਦੀਆਂ ਸਨ ਪਰ ਵਰਤਮਾਨ ਸਮਾਜਿਕ, ਰਾਜਨੀਤਕ, ਸਭਿਆਚਾਰਕ ਅਤੇ ਮਨੁੱਖੀ ਕੀਮਤਾਂ ਪ੍ਰਤੀ ਸੁਚੇਤ ਸਾਹਿਤਕਾਰ ਨੇ ਪੰਜਾਬੀ ਜਗਤ ਨੂੰ ਆਪਣੇ ਵਿਸ਼ੇਸ਼ ਫਲਸਫੇ ਰਾਹੀਂ ਸਹੀ ਸੇਧ ਦੇਣ ਦਾ ਯਤਨ ਕੀਤਾ। ਉਸਦੀ ਵਿਚਾਰਧਾਰਾ ਦੇ ਇਹ ਵਿਭਿੰਨ ਰੂਪ ਉਸਦੇ ਨਾਵਲ ਸਾਹਿਤ ਵਿੱਚੋਂ ਉਜਾਗਰ ਹੁੰਦੇ ਹਨ। ਇਹਨਾਂ ਨਾਵਲਾਂ ਵਿੱਚ ਉਸਨੇ ਮਨੁੱਖੀ ਜੀਵਨ ਅਤੇ ਸਮਾਜ ਦੇ ਹਰ ਖੇਤਰ ਵਿੱਚੋਂ ਵਿਸ਼ੇ ਲਏ ਹਨ। ਸਮਾਜ, ਧਰਮ, ਰਾਜਨੀਤੀ, ਆਰਥਿਕਤਾ, ਸਾਹਿਤ-ਸਭਿਆਚਾਰ, ਫਿਲਾਸਫੀ, ਮਨੋ-ਵਿਗਿਆਨ ਆਦਿਕ ਨੁਕਤਿਆਂ ਦੀ ਪੜਚੋਲ ਕਰਨ ਲਈ ਉਸਨੇ ਆਪਣੇ ਨਾਵਲਾਂ ਦੀ ਸਿਰਜਣਾ ਕੀਤੀ ਹੈ। ਸਮਾਜ ਦੇ ਪ੍ਰਸੰਗ ਵਿੱਚ ਰੱਖ ਕੇ ਇਨ੍ਹਾਂ ਨੁਕਤਿਆਂ ਨੂੰ ਆਪਣੇ ਮੌਲਿਕ ਦ੍ਰਿਸ਼ਟੀਕੋਣ ਦੀ ਪੇਸ਼ਕਾਰੀ ਰਾਹੀਂ ਸਮਾਜੀ ਮਨੁੱਖ ਨੂੰ ਇੱਕ ਨਿਸ਼ਚਿਤ ਸੇਧ ਦੇਣ ਦਾ ਯਤਨ ਕੀਤਾ ਹੈ।

ਮੂਲ ਰੂਪ ਵਿੱਚ ਨਾਵਲਾਂ ਵਿੱਚ ਔਰਤ ਨੂੰ ਰਸਮਾਂ ਦੇ ਸ਼ਿਕੰਜੇ ਵਿਚ ਨਪੀੜੀ ਹਿੰਦੁਸਤਾਨ ਦੀ ਸੁਤੰਤਰਤਾ ਦੀ ਇੱਛੁਕ, ਨੌਜਵਾਨ ਤੇ ਰੀਝਾਂ ਭਰੀ ਦਿਆਨਤਦਾਰ ਆਤਮਾਂ ਦੇ ਰੂਪ ਵਿੱਚ ਪੇਸ਼ ਕਰਕੇ ਉਸਨੇ ਔਰਤ ਦੀ ਸਮਾਜੀ ਅਤੇ ਮਾਨਸਿਕ ਆਜ਼ਾਦੀ ਦੀ ਵਕਾਲਤ ਕੀਤੀ ਹੈ। ਇਸ ਤਰ੍ਹਾਂ ਲੱਗਦਾ ਹੈ ਕਿ ਨਾਵਲਕਾਰ ਸਦਾਚਾਰ ਦੇ ਪਰੰਪਰਾਬੱਧ ਸੰਕਲਪ ਨੂੰ ਰੱਦ ਕਰਨਾ ਚਾਹੁੰਦਾ ਸੀ ਤੇ ਔਰਤ ਦੇ ਪ੍ਰਸੰਗ ਵਿੱਚ ਇਹ ਸਦਾਚਾਰ ਜ਼ਰ੍ਹਾਂ ਉਘੜਵੇਂ ਰੂਪ ਵਿੱਚ ਹੀ ਲਾਗੂ ਕੀਤਾ ਜਾਂਦਾ ਹੈ। ਇਹ ਠੀਕ ਹੈ ਕਿ ਪਿਆਰ-ਫਲਸਫਾ ਅਨੇਕਾਂ ਸਮਾਜਿਕ ਕਠਿਨਾਈਆਂ ਅਤੇ ਮਾਨਸਿਕ ਗੁੰਝਲਾਂ ਨੂੰ ਸੁਲਝਾ ਸਕਦਾ ਹੈ ਪਰੰਤੂ ਰੂੜੀਗਤ ਮਾਨਸਿਕ-ਬਣਤਰ ਵਾਲੇ ਮਨੁੱਖਾਂ ਦੇ ਸਮਾਜ ਵਿੱਚ ਅਜਿਹੇ ਰਿਸ਼ਤੇ ਨਿਭਾਣੇ ਅਸੰਭਵ ਹੈ। ਉਹ ਸਮਕਾਲੀ ਸਮਾਜ ਤੋਂ ਸੁਚੇਤ ਹੈ ਅਤੇ ਅਗਾਂਹਵਧੂ ਵਿਚਾਰਾਂ ਵਾਲਾ ਸਮਾਜ ਸਿਰਜਣਾ ਚਾਹੁੰਦਾ ਹੈ। ਆਜ਼ਾਦ ਪੌਣ ਦੇ ਚਾਰ ਸਾਹ ਲੈਣ ਦਾ ਇੱਛੁਕ ਸਮਕਾਲੀ ਸਮਾਜ ਨੂੰ ਰਸਮਾਂ ਦੀਆਂ ਸੌੜੀਆਂ ਵਲਗਣਾਂ ਅਤੇ ਮਨੁੱਖੀ ਵਿਕਾਸ ਦੇ ਰਾਹ ਵਿੱਚ ਰੁਕਾਵਟ ਸਮਝਦਿਆਂ ਹੋਇਆ ਗਲਤ ਸਮਾਜਿਕ ਕੀਮਤਾਂ ਨੂੰ ਬਦਲ ਕੇ ਨਵ-ਸਭਿਆਚਾਰਕ ਕੀਮਤਾਂ ਨੂੰ ਲਾਗੂ ਕਰਨ ਦਾ ਯਤਨ ਹੈ ਅਤੇ ਰੂਹਾਨੀ ਸੰਤੁਸ਼ਟੀ ਲਈ ਔਰਤ ਤੇ ਮਰਦ ਵਿੱਚ 'ਸਹਿਜ ਪ੍ਰੀਤ' ਜ਼ਰੂਰੀ ਹੈ।

**ਹਵਾਲੇ**


1 ਡਾ. ਚਮਨ ਲਾਲ, ਪ੍ਰਸੰਗਵਸ, ਹਰ-ਆਨੰਦ ਪਬਲੀਕੇਸ਼ਨਜ਼, ਨਵੀਂ ਦਿੱਲੀ, 1996, ਪੰਨਾ 286-287.
2 ਅਣਵਿਆਹੀ ਮਾਂ' : ਇਕ ਵਿਵੇਚਨ, ਪ੍ਰੋ. ਓਮ ਪ੍ਰਕਾਸ਼ ਗਾਸੋ, ਡਾ. ਰਜਿੰਦਰ ਸਿੰਘ ਲਾਂਬਾ (ਮੁੱਖ ਸੰਪਾ.), ਖੋਜ ਪਤ੍ਰਿਕਾ ਗੁਰਬਖ਼ਸ਼ ਸਿੰਘ ਪ੍ਰੀਤਲੜੀ ਸ਼ਤਾਬਦੀ ਅੰਕ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998, ਪੰਨਾ 113.
3 ਗੁਰਬਖ਼ਸ਼ ਸਿੰਘ, ਪ੍ਰੀਤਲੜੀ, ਪ੍ਰੀਤ ਨਗਰ, ਜੁਲਾਈ 1975, ਜਿਲਦ 42, ਸਰਵਰਕ.
4 ਅਣਵਿਆਹੀ ਮਾਂ' : ਇਕ ਵਿਵੇਚਨ, ਪ੍ਰੋ. ਓਮ ਪ੍ਰਕਾਸ਼ ਗਾਸੋ, ਡਾ. ਰਜਿੰਦਰ ਸਿੰਘ ਲਾਂਬਾ (ਮੁੱਖਸੰਪਾ.), ਖੋਜ ਪਤ੍ਰਿਕਾ ਗੁਰਬਖ਼ਸ਼ ਸਿੰਘ ਪ੍ਰੀਤਲੜੀ ਸ਼ਤਾਬਦੀ ਅੰਕ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998, ਪੰਨਾ 116.
5 ਗੁਰਬਖ਼ਸ਼ ਸਿੰਘ ਪ੍ਰੀਤਲੜੀ, ਅਣਵਿਆਹੀ ਮਾਂ, ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ, 2010, ਪਰਵੇਸ਼, ਪੰਨਾ 7.
6 ਉਹੀ, ਪੰਨਾ 8.
7 ਡਾ. ਮਹਿੰਦਰ ਸਿੰਘ ਰੰਧਾਵਾ (ਸੰਪਾ.), ਗੁਰਬਖ਼ਸ਼ ਸਿੰਘ ਅਭਿਨੰਦਨ ਗ੍ਰੰਥ, ਨਵਯੁਗ ਪਬਲਿਸ਼ਰਜ਼, ਦਿੱਲੀ, 1971, ਪੰਨਾ 34.
8 ਹਰਚਰਨ ਕੌਰ, ਨਾਵਲਕਾਰ ਗੁਰਬਖ਼ਸ਼ ਸਿੰਘ : ਇਕ ਪਛਾਣ, ਪ੍ਰੋ. ਸਵਰਨ ਸਿੰਘ, ਗੁਰਬਖ਼ਸ਼ ਸਿੰਘ : ਪ੍ਰੀਤ ਸੰਸਾਰ, ਪੰਜਾਬੀ ਅਕਾਦਮੀ, ਦਿੱਲੀ, 1991, ਪੰਨਾ 96.
9 ਗੁਰਬਖ਼ਸ਼ ਸਿੰਘ ਪ੍ਰੀਤਲੜੀ, ਰੁੱਖਾਂ ਦੀ ਜੀਰਾਂਦ, ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ, 1995
10 ਗੁਰਚਰਨ ਸਿੰਘ ਐਮ. ਏ., ਪੰਜਾਬੀ ਗਲਪਕਾਰ, ਹਿੰਦ ਪਬਲਿਸ਼ਰਜ਼ ਲਿਮਿਟਿਡ, ਅੰਮ੍ਰਿਤਸਰ, 1954, ਪੰਨਾ 440.
11 ਗੁਰਬਖ਼ਸ਼ ਸਿੰਘ ਪ੍ਰੀਤਲੜੀ, ਅਣਵਿਆਹੀ ਮਾਂ, ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ, 2010, ਪੰਨਾ 74.
12 ਗੁਰਬਖ਼ਸ਼ ਸਿੰਘ ਪ੍ਰੀਤਲੜੀ, ਰੁੱਖਾਂ ਦੀ ਜੀਰਾਂਦ, ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ, 1995, 156-157.
13 ਉਹੀ, ਪੰਨਾ 159.
14 ਗੁਰਬਖ਼ਸ਼ ਸਿੰਘ ਪ੍ਰੀਤਲੜੀ, ਅਣਵਿਆਹੀ ਮਾਂ, ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ, 2010, ਪਰਵੇਸ਼, ਪੰਨਾ 21.

15 ਗੁਰਬਖ਼ਸ਼ ਸਿੰਘ ਪ੍ਰੀਤਲੜੀ, ਰੁੱਖਾਂ ਦੀ ਜੀਰਾਂਦ, ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ, 1995, ਪੰਨਾ 68.
16 ਗੁਰਬਖ਼ਸ਼ ਸਿੰਘ ਪ੍ਰੀਤਲੜੀ, ਅਣਵਿਆਹੀ ਮਾਂ, ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ, 2010, ਪਰਵੇਸ਼, ਪੰਨਾ 38.
17 ਜਗਬੀਰ ਸਿੰਘ, ਪੰਜਾਬੀ ਗਲਪ ਸੰਸਾਰ, ਵੈੱਲਵਿਸ਼ ਪ੍ਰਿੰਟਰਜ਼, ਨਵੀਂ ਦਿੱਲੀ, 1999, ਪੰਨਾ 81.
18 ਗੁਰਬਖ਼ਸ਼ ਸਿੰਘ ਪ੍ਰੀਤਲੜੀ, ਰੁੱਖਾਂ ਦੀ ਜੀਰਾਂਦ, ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ, 1995, ਪੰਨਾ 48.
19 ਉਹੀ, ਪੰਨਾ 45.
20 ਉਹੀ, ਪੰਨਾ 17.
21 ਉਹੀ, ਪੰਨਾ 21.
22 ਉਹੀ, ਪੰਨਾ 53.
23 ਡਾ. ਮਾਨ ਸਿੰਘ ਢੀਂਡਸਾ, ਗੁਰਬਖ਼ਸ਼ ਸਿੰਘ ਦਾ ਨਾਵਲ-ਜਗਤ, ਡਾ. ਰਜਿੰਦਰ ਸਿੰਘ ਲਾਂਬਾ (ਮੁੱਖ ਸੰਪਾ.), ਖੋਜ ਪਤ੍ਰਿਕਾ ਗੁਰਬਖ਼ਸ਼ ਸਿੰਘ ਪ੍ਰੀਤਲੜੀ ਸ਼ਤਾਬਦੀ ਅੰਕ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998, ਪੰਨਾ 99.
24 ਭਾਈ ਸਾਹਿਬ ਭਾਈ ਜੋਧ ਸਿੰਘ ਤੇ ਹੋਰ, ਆਲੋਚਨਾ, ਪੰਜਾਬੀ ਸਾਹਿੱਤ ਅਕਾਦਮੀ, ਲੁਧਿਆਣਾ, ਜਨਵਰੀ 1960, ਪੰਨਾ 21.
25 ਗੁਰਬਖ਼ਸ਼ ਸਿੰਘ ਪ੍ਰੀਤਲੜੀ, ਅਣਵਿਆਹੀ ਮਾਂ, ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ, 2010, ਪੰਨਾ 26.